

# ਅਹਿਦ



# ਅਹਿਦ

ਦਲਵੀਰ ਕੌਰ ਵੁਲਵਰਹੈਂਪਟਨ

# Ahid

*by*

**Dalvir Kaur Wolverhampton (U.K.)**
E-mail : dknarwal@yahoo.co.uk
dkw_n@yahoo.co.uk
Ph: 0781-308-1950

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2009*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਓਨ੍ਹਾਂ ਪਲਾਂ ਦੇ ਨਾਮ ਜੋ ਕਵਿਤਾ ਹੋ ਗਏ...

# ਤਤਕਰਾ


- ਜੰਜੀਰ 21
- ਸਮਾਜ 22
- ਅਹਿਦ-1 23
- ਬੇਰੰਗ ਤਕੀਆ 25
- ਚੁੱਪ 28
- ਸਕਾਈ ਨਿਊਜ਼ 31
- ਆਪਣਾ ਨੰਗ 33
- ਮੇਰਾ ਸਵਾਲ 34
- ਕਟਹਿਰੇ ਖਲੋਤੀ ਨਜ਼ਮ 37
- ਤਿੰਨ ਮੰਜ਼ਲੇ ਕਾਂਟੇ 40
- ਜਿਰਾਹ 44
- ਭਵਿੱਖ 45
- ਜੰਕ ਈ-ਮੇਲ 46
- ਅਲਫਾਬੈਟ 48
- ਰਾਖ਼ 50
- ਦੌਰ 52
- ਭੇਦ 55
- ਆਪਣਾ ਚਾਨਣ 56
- ਆਪਣੀ ਗੱਲ 58
- ਇਹ ਮੁੰਡੇ 60
- ਨਵਾਂ ਵਰ੍ਹਾ 62
- ਲੋਰੀ 64
- ਮੰਡੀਕਰਨ 66
- ਆਤਮ ਖੋਜ 68
- ਪ੍ਰੀਤ 70
- ਜਿਉਂਦਾ ਜਾਗਦਾ ਰੱਬ 71
- ਛੱਲ 72
- ਅਹਿਦ-2 74
- ਫ਼ਰਕ 75
- ਡਰ 76
- ਉਹ ਮੈਨੂੰ 77
- ਜਨਮ 78
- ਚੀਖ਼ 80
- ਹਲਫ਼ੀਆ ਬਿਆਨ 81
- ਜਿਸਮ 83
- ਵਾਪਿਸ ਪਰਤਿਆ ਬੋਲ 84
- ਦਰਾੜਾਂ 86
- ਸੀਮਾ 87

| | |
|---|---|
| ✤ ਰੱਬ | 88 |
| ✤ ਤੈਨੂੰ | 90 |
| ✤ ਪਲ ਦਾ ਸੱਚ | 92 |
| ✤ ਲਿਬਾਸ | 93 |
| ✤ ਹੋਂਦ | 94 |
| ✤ ਹੁਣ | 95 |
| ✤ ਸਮੇ ਦੇ ਸਾਲੂ ਵਿੱਚ | 96 |
| ✤ ਦਰਦ ਦਾ ਰਿਸ਼ਤਾ | 97 |
| ✤ ਬੁੱਤ | 98 |
| ✤ ਭਾਬੀ ਮੈਨੂੰ ਖ਼ਤ ਲਿਖ | 100 |
| ✤ ਮੈਂ | 101 |
| ✤ ਤੂੰ | 102 |
| ✤ ਅਗਲੇ ਜਨਮ ’ਚ | 103 |
| ✤ ਭਰਮ | 105 |
| ✤ ਮੁਰਦਾ | 106 |
| ✤ ਫ਼ਰਜ਼ | 107 |
| ✤ ਐਂਟੀਕ ਸਮਾਨ | 108 |
| ✤ ਮੁਹੱਬਤ | 110 |
| ✤ ਸ਼ਿੱਦਤ | 111 |
| ✤ ਚੱਕ੍ਰਵਿਊ | 112 |
| ✤ ਵਾਪਸੀ | 113 |
| ✤ ਤਜਾਰਤ | 114 |
| ✤ ਬੈਰਿਕ ਓਬਾਮਾ | 115 |
| ✤ ਭਾਲ | 116 |
| ✤ ਹਾਦਸੇ | 118 |
| ✤ ਪਛਾਣ | 119 |
| ✤ ਨੈਕਸਟ ਡਿਸ਼ | 120 |

# ਕੁਝ ਸ਼ਬਦ

ਦਲਵੀਰ ਕੌਰ ਦਾ ਨਾਂ ਇੰਗਲੈਂਡ ਦੀ ਪੰਜਾਬੀ ਕਵਿਤਾ ਦਾ ਜਾਣਿਆ-ਪਛਾਣਿਆ ਹੈ ਅਤੇ 'ਅਹਿਦ' ਉਸਦੀ ਕਵਿਤਾ ਦੀ ਨਵੀਂ ਪੁਸਤਕ ਹੈ। ਇੰਗਲੈਂਡ ਵਿਚ ਕਦੇ ਪੰਜਾਬੀ ਕਵਿਤਾ ਦਾ ਬਹੁਤ ਚਰਚਾ ਸੀ। ਕੇਵਲ ਕਵਿਤਾ ਦਾ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਾਹਿਤ ਦਾ। ਪਰ ਹੁਣ ਉਂਗਲਾਂ ਤੇ ਗਿਣਨ ਜੋਗੇ ਲੇਖਕ ਜਾਂ ਕਵੀ ਰਹਿ ਗਏ ਹਨ।

ਇਸ ਲਈ ਉਥੋਂ ਦੀ ਨਵੀਂ ਕਵਿਤਾ ਵਿਚ ਜਦੋਂ ਕੋਈ ਨਾਂ ਉੱਭਰਦਾ ਹੈ ਤਾਂ ਸਾਡਾ ਧਿਆਨ ਉਨ੍ਹਾਂ ਵੱਲ ਵਿਸ਼ੇਸ਼ ਤੌਰ ਤੇ ਜਾਂਦਾ ਹੈ। ਇਸੇ ਲਈ ਦਲਵੀਰ ਕੌਰ ਦੀ ਕਵਿਤਾ ਵੱਲ ਧਿਆਨ ਗਿਆ ਹੈ। ਉਹ ਕਾਵਿ-ਵਿਧੀ ਅਤੇ ਕਵਿਤਾ ਦੀ ਭਾਸ਼ਾ ਨੂੰ ਪਹਿਚਾਣਦੀ ਹੈ ਅਤੇ ਉਸ ਦੀ ਕਵਿਤਾ ਵਿਚ ਗੰਭੀਰਤਾ ਹੈ। ਉਹ ਕੇਵਲ ਉਪਭਾਵੁਕ ਕਵਿਤਾ ਨਹੀਂ ਲਿਖਦੀ ਸਗੋਂ ਸਮਾਜਕ ਸਮੱਸਿਆਕਾਰਾਂ ਅਤੇ ਮਨੁੱਖੀ ਰਿਸ਼ਤਿਆਂ ਦੀਆਂ ਪਰਤਾਂ ਨੂੰ ਕੁਰੇਦਦੀ ਤੇ ਉਨ੍ਹਾਂ ਨੂੰ ਆਪਣੀ ਕਵਿਤਾ ਦਾ ਆਧਾਰ ਬਣਾਉਂਦੀ ਹੈ। ਉਹ ਲੰਮੇ ਸਮੇਂ ਤੋਂ ਇੰਗਲੈਂਡ ਵਿਚ ਵਿਚਰ ਰਹੀ ਹੈ, ਇਸ ਲਈ ਉਸਨੇ ਇੰਗਲੈਂਡ ਦੇ ਪੱਛਮੀ ਸਮਾਜ ਦੇ ਯਥਾਰਥ ਨੂੰ ਵੇਖਿਆ ਅਤੇ ਭੋਗਿਆ ਹੈ। ਉਸ ਸਮਾਜ ਦੇ ਟੁੱਟਦੇ-ਬਣਦੇ ਰਿਸ਼ਤੇ ਉਸਦੇ ਸਾਹਵੇਂ ਹਨ ਤੇ ਉਹ ਉਸ ਯਥਾਰਥ, ਉਸਦੀ ਭਾਸ਼ਾ ਨੂੰ ਵੱਧ ਤੋਂ ਵੱਧ ਨੇੜੇ ਹੋ ਕੇ ਪਕੜਣ ਦਾ ਯਤਨ ਕਰਦੀ ਹੈ। ਜਦੋਂ ਇਸ ਕਿਸਮ ਦੇ ਕਾਵਿ ਦੀ ਰਚਨਾ ਕਰਦੀ ਹੈ, ਤਾਂ ਸਹਿਜ ਸੁਭਾਏ ਉਸਦੀ ਕਵਿਤਾ ਵਿਚ ਵਿਅੰਗ ਉੱਘੜ ਆਉਂਦਾ ਹੈ।

ਜੇ ਉਸਦੇ ਸਮੁੱਚੇ ਕਾਵਿ ਬਾਰੇ ਇਕ ਗੱਲ ਆਖੀ ਜਾਵੇ ਤਾਂ ਉਹ ਇਹ ਹੈ ਕਿ ਉਹ

ਸਮਾਜ ਦੇ ਕਿਸੇ ਵੀ ਦ੍ਰਿਸ਼ ਜਾਂ ਅਨੁਭਵ ਬਾਰੇ ਲਿਖ ਰਹੀ ਹੋਵੇ, ਉਹ ਮਨੁੱਖੀ ਰਿਸ਼ਤਿਆਂ ਦੀ ਕਵਿਤਾ ਲਿਖਦੀ ਹੈ। ਮਨੁੱਖੀ ਰਿਸ਼ਤਿਆਂ ਦਾ ਸੱਚ, ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ, ਉਨ੍ਹਾਂ ਦੀਆਂ ਦੱਬੀਆਂ ਪਰਤਾਂ ਤੇ ਮਨੁੱਖੀ ਰਿਸ਼ਤਿਆਂ ਦੀ ਤਲਾਸ਼- ਇਸੇ ਕਰੁਣਾ ਵਿਚ ਵਿਚਰਦਿਆਂ ਉਸ ਅੰਦਰ ਕਦੇ-ਕਦੇ ਪੰਜਾਬ ਦਾ ਮੋਹ ਜਾਗਦਾ ਹੈ।

ਇਓਂ ਇਸ ਪ੍ਰਸੰਗ ਵਿਚ ਉਸਦੀ ਕਵਿਤਾ ਨੂੰ ਪੜ੍ਹਿਆ ਜਾਣਾ ਚਾਹੀਦਾ ਹੈ ਤੇ ਉਸ ਨੂੰ ਕੇਵਲ ਇੰਗਲੈਂਡ ਦੀ ਕਵਿਤਾ ਵਿਚ ਹੀ ਨਹੀਂ, ਸਮੁੱਚੀ ਕਵਿਤਾ ਵਿਚ ਸ਼ੁਮਾਰ ਕੀਤਾ ਜਾਣਾ ਚਾਹੀਦਾ ਹੈ।

ਪ੍ਰੋ: ਸੁਤਿੰਦਰ ਸਿੰਘ ਨੂਰ,
ਡੀ-132, ਮਾਨ ਸਰੋਵਰ ਗਾਰਡਨ,
ਦਿੱਲੀ -15

ਦਲਵੀਰ ਦੀ ਕਵਿਤਾ ਕਾਵਿ-ਮੈਂ ਅਤੇ ਕਾਵਿ-ਤੂੰ ਵਿਚਲੇ ਰਿਸ਼ਤੇ ਦੀ ਕਾਵਿ-ਪੇਸ਼ਕਾਰੀ ਦੇ ਰੂੜ੍ਹੀਗਤ ਅਰਥਾਂ ਨੂੰ ਸਿਰ ਪਰਨੇ ਖੜਾ ਕਰਦੀ ਹੈ। ਹੁਣ ਤਕ ਹੀਰ ਰਾਂਝੇ ਦਾ ਰੂਪ ਹੋ ਜਾਣਾ ਲੋਚਦੀ ਰਹੀ ਹੈ, ਲੇਕਿਨ ਦਲਵੀਰ ਦੀ ਕਵਿਤਾ ਵਿਚਲੀ ਔਰਤ ਕਾਵਿ-ਮੈ ਸ੍ਵੈ-ਹੋਂਦ ਦੀ ਸਲਾਮਤੀ ਪ੍ਰਤੀ ਚੇਤੰਨ ਹੈ। ਉਹ ਤੂੰ ਦੇ ਚੱਕਰ ਵਿਚ ਪਈ ਆਪਣੀ ਹੋਂਦ ਨੂੰ ਗੁੰਮ ਮਹਿਸੂਸ ਕਰਦੀ ਹੈ। ਇਸੇ ਲਈ ਉਹ ਆਪਣਾ ਆਪਾ ਸਮਰਪਿਤ ਕਰਨ ਦੀ ਥਾਂ ਕਾਵਿ-ਤੂੰ ਨੂੰ ਆਪਣੀ ਹੋਂਦ ਦੀ ਸਲਾਮਤੀ ਦੀ ਰਾਖੀ ਲਈ ਸੰਬੋਧਿਤ ਵੀ ਕਰਦੀ ਹੈ ਅਤੇ ਉਸ ਲਈ ਚੈਲੇਂਜ ਵੀ ਬਣਦੀ ਹੈ।ਬਹੁਤੀ ਵਾਰੀ ਦਲਵੀਰ ਦੀ ਕਵਿਤਾ ਵਿਚਲੀ ਖ਼ਾਮੋਸ਼ੀ ਬੋਲਦੀ ਹੈ। ਉਹ ਬਹੁਤ ਕੁਝ ਅਜੇਹਾ ਅਣਕਿਹਾ ਵੀ ਰਹਿਣ ਦੇਂਦੀ ਹੈ ਕਿ ਉਸ ਅਣਕਹੇ ਦਾ ਨਾਤਾ ਅਹਿਸਾਸ ਨਾਲ ਜੁੜ ਜਾਂਦਾ ਹੈ ਅਤੇ ਹੋਂਦ ਦੇ ਧੁਰ ਡੂੰਘ ਤੱਕ ਜ਼ਿੰਦਗੀ ਦੇ ਅਰਥਾਂ ਦੀ ਤਲਾਸ਼ ਵੀ ਕਰਦਾ ਹੈ।

ਦਲਵੀਰ ਦੀ ਇਸ ਕਾਵਿ-ਪੁਸਤਕ ਵਿੱਚ ਥੀਮ ਦੀ ਵੰਨ ਸੁਵੰਨਤਾ ਕਵਿਤਾ ਦੀ ਕੈਨਵਸ ਨੂੰ ਵਡੇਰਾ ਕਰਦੀ ਹੈ।ਇਸ ਕੈਨਵਸ ਵਿਚ ਰਿਸ਼ਤਿਆਂ ਦੇ ਵੱਖ ਵੱਖ ਪਹਿਲੂਆਂ ਅਤੇ ਰਿਸਤੇ ਦੀਆਂ ਵੱਖ ਵੱਖ ਧਿਰਾਂ ਨੂੰ ਪਛਾਣਿਆ ਜਾ ਸਕਦਾ ਹੈ। ਇਸਨੇ ਆਪਣੀ ਕਵਿਤਾ ਵਿਚ ਰੂੜ੍ਹੀਗਤ ਕੀਮਤਾਂ ਵਿਚ ਤਬਦੀਲੀ ਲਿਆਉਣ ਲਈ ਆਪਣੇ ਤੋਂ ਅਗਲੀ ਪੀੜ੍ਹੀ ਅਰਥਾਤ ਨੌਜਵਾਨ ਪੀੜ੍ਹੀ ਨੂੰ ਮਹੱਤਵਪੂਰਣ ਧਿਰ ਬਣਾਇਆ ਹੈ। ਇਸਤਰ੍ਹਾਂ ਇਹ

ਕਵਿਤਾ ਸਿਰਫ਼ ਕਾਵਿ-ਮੈ ਅਤੇ ਕਾਵਿ-ਤੂੰ ਵਿਚਲੀ ਗੱਲਬਾਤ ਹੀ ਨਹੀਂ ਰਹਿ ਜਾਂਦੀ ਸਗੋਂ ਜ਼ਿੰਦਗੀ ਵਿਚ ਸਿਹਤਮੰਦ ਕੀਮਤਾ ਦੀ ਬਹਾਲੀ ਲਈ ਭਵਿੱਖ ਨਾਲ ਜੁੜੀ ਪੀੜ੍ਹੀ ਨੂੰ ਆਪਣੇ ਵਿਚਾਰ ਖੇਤਰ ਵਿਚ ਸ਼ਾਮਿਲ ਕਰ ਲੈਂਦੀ ਹੈ।

ਦਲਵੀਰ ਦੀ ਇਹ ਕਵਿਤਾ ਜ਼ਿੰਦਗੀ ਦੇ ਮਸਲਿਆਂ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਵੇਖਦੀ, ਸਮਝਦੀ ਅਤੇ ਉਸ ਵਿੱਚ ਨਵੇਂ ਰੰਗ ਭਰਨ ਦੀ ਕੋਸ਼ਿਸ਼ ਕਰਦੀ ਹੈ। ਉਹ ਹਾਦਸਿਆਂ ਨੂੰ ਕੇਵਲ ਤਨ ਤੇ ਨਹੀਂ ਮਨ ਤੇ ਵੀ ਓਨੀ ਹੀ ਸ਼ਿੱਦਤ ਨਾਲ ਹੰਢਾਉਂਦੀ ਪ੍ਰਤੀਤ ਹੁੰਦੀ ਹੈ।ਸਿਮਾਜ ਵਿਚ ਫੈਲੇ ਹੋਏ ਬਦਸਲੂਕੀ ਵਾਲੇ ਰਿਸ਼ਤਿਆਂ ਅਤੇ ਖ਼ਾਸ ਕਰਕੇ ਬੱਚਿਆਂ ਨਾਲ ਕੀਤੀ ਜਾਣ ਵਾਲੀ ਬਦਸਲੂਕੀ ਨੂੰ ਉਹ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੀ ਅਤੇ ਉਸਦੀ ਦਰਦਨਾਕ ਪੇਸ਼ਕਾਰੀ ਕਰਦੀ ਹੈ।

ਇਸ ਤੋਂ ਇਲਾਵਾ ਇਹ ਕਵਿਤਾ ਜ਼ਿੰਦਗੀ ਵਿਚ ਹਰਿਆਉਲੀ, ਰਿਸ਼ਤਿਆਂ ਵਿਚ ਨਿੱਘ ਭਰਨ ਦਾ ਅਹਿਦ ਕਰਦੀ ਵੀ ਜਾਪਦੀ ਹੈ। ਮੰਡੀਕਰਨ ਦੇ ਮਾਹੌਲ ਵਿਚ ਰਿਸਤਿਆਂ ਦੀ ਤਜਾਰਤੀ ਵਰਤੋਂ ਪ੍ਰਤੀ ਵੀ ਇਹ ਕਵਿਤਾ ਚੇਤੰਨ ਹੈ ਅਤੇ ਰਿਸ਼ਤਿਆਂ ਵਿਚਲੇ ਅਹਿਸਾਸ ਦੀ ਪੇਸ਼ਕਾਰੀ ਇਸਦਾ ਇੱਕ ਹੋਰ ਮਹੱਤਵਪੂਰਨ ਅਹਿਦ ਬਣ ਜਾਂਦਾ ਹੈ। ਜ਼ਿੰਦਗੀ ਨੂੰ ਸੱਚੇ ਢੰਗ ਨਾਲ ਜੀਊਣ ਲਈ ਯਤਨਸ਼ੀਲ ਇਸ ਕਵਿਤਾ ਦੀ ਪੰਜਾਬੀ ਕਵਿਤਾ ਦੇ ਪਰਿਵਾਰ ਵਿਚ ਨਿੱਘਾ ਸਵਾਗਤ ਹੈ।

ਦੇਵਿੰਦਰ ਕੌਰ ( ਯੂ. ਕੇ )

# ਭੂਮਿਕਾ

ਦਲਵੀਰ ਕੌਰ ਇੰਗਲੈਂਡ ਵਿਚ ਇਕ ਜਾਣਿਆ-ਪਛਾਣਿਆ ਨਾਂ ਹੈ। ਇਕ ਸ਼ਾਇਰਾ ਦੇ ਤੌਰ ਤੇ ਇੰਗਲੈਂਡ ਵਿਚ ਉਹ ਆਪਣੇ-ਆਪ ਨੂੰ ਸਥਾਪਤ ਕਰ ਚੁੱਕੀ ਹੈ। ਉਸਦੇ ਦੂਸਰੇ ਕਾਵਿ-ਸੰਗ੍ਰਿਹ 'ਅਹਿਦ' ਨੂੰ ਪੜ੍ਹ ਕੇ ਇੰਜ ਮਹਿਸੂਸ ਹੋਇਆ ਕਿ ਉਸਦੀ ਕਵਿਤਾ ਨੂੰ ਕਈ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ।

ਦਲਵੀਰ ਕੌਰ ਦੀਆਂ ਬਹੁਤ ਸਾਰੀਆਂ ਨਜ਼ਮਾਂ ਮਾਂ ਦੀ ਸਿਮਰਤੀ ਨਾਲ ਜੁੜੀਆਂ ਵੱਖ-ਵੱਖ ਪੱਧਰ ਤੇ ਪੰਜਾਬੀ ਸਭਿਆਚਾਰ ਦੀ ਦਮਿਤ ਔਰਤ ਦੀ ਸੰਵੇਦਨਾ ਨੂੰ ਬਿਆਨਦੀਆਂ ਹਨ।ਉਹ ਔਰਤ ਜੋ ਹੁਣ ਘੁੱਟਣ ਵਿਚ ਡਰਦੀ ਤੇ ਰਿਵਾਜਾਂ 'ਚ ਜਿਉਂਦੀ-ਮਰਦੀ ਰਹੀ ਜਿਵੇ ਉਸਦੀ ਕਵਿਤਾ 'ਤਿੰਨ ਮੰਜ਼ਿਲੇ ਕਾਟੇ' ਬੜੇ ਸਾਰੇ ਅਰਥਾਂ ਵੱਲ ਸੰਕੇਤ ਕਰਦੀ ਹੈ।-

"ਪਿਤਾ ਦੀ ਪੱਗ
ਪੱਗ ਹੈ ਪੱਤ
ਪੱਤ ਹੈ ਪੱਗ'
ਇਹ ਤਿੰਨ ਸਤਰਾਂ ਉਸਦੇ ਬੋਝੇ ਪਾ
ਮਾਂ ਉਸ ਨੂੰ ਰੋਜ਼ ਪੜਨੇ ਤੋਰਦੀ"

'ਅਹਿਦ' ਕਾਵਿ ਸੰਗ੍ਰਿਹ ਵਿਚ ਸ਼ਾਇਰਾਂ ਦੀ ਕਵਿਤਾ ਕਈ ਥਾਂਵੇ ਸੂਫੀ-ਅੰਦਾਜ਼ ਵਿਚ ਗੱਲ ਕਰਦੀ ਹੈ। -

"ਆਪੇ ਬਾਲਾਂ ਅੱਗ ਹਿਜ਼ਰ ਦੀ
ਲਾਟੀਂ ਆਪ ਬਲਾਂ
ਆਪੇ ਸਿਰਜਾਂ ਦੋਜ਼ਖ ਨਗਰੀ
ਆਪੇ ਰੁਦਨ ਕਰਾਂ"

ਦਲਵੀਰ ਕੌਰ ਕੇਵਲ ਇਧਰਲੇ ਪੰਜਾਬ, ਅਵਚੇਤਨ ਜਾਂ ਸਿਮਰਤੀ ਦੀ ਕਵਿਤਾ ਹੀ ਨਹੀਂ ਸਿਰਜਦੀ ਸਗੋਂ ਉਸ ਕੋਲ ਲੰਮੇ ਸਮੇਂ ਤੋਂ ਉੱਥੇ ਰਹਿੰਦਿਆਂ ਇੰਗਲੈਂਡ ਦੇ ਸਮਾਜ ਦਾ ਅਨੁਭਵ ਤੇ ਦ੍ਰਿਸ਼ਟੀ ਵੀ ਹੈ। ਉਥੋਂ ਦੇ ਸਮਾਜਕ ਯਥਾਰਥ, ਬਦਲਦੇ ਰਿਸ਼ਤਿਆਂ, ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿਚ ਬਦਲਦੇ ਯਥਾਰਥ ਜਾਂ ਅਨੁਭਵ ਨੂੰ ਵੀ ਉਹ ਦੋ ਭਿੰਨ ਸੱਭਿਆਚਾਰਾਂ ਦੀ ਵੱਖਰੀ ਭਾਸ਼ਾ ਨੂੰ ਵੀ ਆਪਣੀ ਕਵਿਤਾ ਵਿਚ ਬਲੈਂਡ (Blend ਮਿਸ਼ਰਿਤ) ਕਰਕੇ ਸਿਰਜਦੀ ਹੈ ਜਿਵੇਂ ਕਿ। –

Look
I am goin' to be
Honest ;
So I Can Start
Fresh!
ਇਹ ਕਹਿੰਦਿਆਂ ਉਸ ਪੂਰੀਆਂ
ਅੱਖਾਂ ਖੋਹਲੀਆਂ
ਕੁਝ ਦੇਰ ਦੋਵੇਂ ਹੱਥ

ਜ਼ੋਰ ਦੀ ਇਕ–ਦੂਜੇ ਨਾਲ ਰਗੜੇ
ਡੂੰਘਾ ਹੌਕਾ ਭਰਦਿਆਂ
ਬੋਲਿਆ,
"Trust no body
Ever
ਯਕੀਨ ਨਾ ਕਰਨਾ
ਇਸ ਗਲੀ ਦੇ 18 ਨੰਬਰ ਘਰ
ਮੇਰੀ ਮਾਂ ਦੇ ਨਾਲ ਕਦੇ ਨਾ ਜਾਣਾ
He is a
Bloody beast
He has
Ripped me apart
Torn me
Left, right and center..." (ਚੁੱਪ ਚੋਂ)

ਇਸਦੇ ਇਲਾਵਾ ਦਲਵੀਰ ਨੇ ਪੱਛਮੀ ਸਮਾਜ ਅਤੇ ਨਾਰੀ ਮਨੋ ਵਿਗਿਆਨ ਨੂੰ ਸਮਝਦਿਆਂ ਇਸ ਅਨੁਭਵ ਨੂੰ ਵੀ ਬੜੀ ਗੰਭੀਰਤਾ ਤੇ ਸ਼ਿੱਦਤ ਨਾਲ ਪੇਸ਼ ਕੀਤਾ ਹੈ। –

" – ਉਹ ਮਾਸੂਮ ਕੁੜੀ
ਕੁਰਸੀ ਤੇ ਬੈਠਦਿਆਂ ਹੀ
ਗੁੱਛਾ ਗੁੱਛਾ ਹੁੰਦੀ

ਮਨੋਰੋਗ ਮਾਹਿਰ ਦੇ ਕੁਝ ਪੁੱਛਣ ਤੋਂ
ਪਹਿਲਾਂ ਹੀ ਡਰ ਨਾਲ ਕੰਬਦੀ – –
ਸਾਹੋ–ਸਾਹ ਹੋਈ ਪੁੱਛਦੀ
" Do you have knife on you?
Doctor do you have
Foster father as well."(ਐਲਫਾਬੈਟ ਵਿਚੋ)

ਭਾਵੇਂ ਪੰਜਾਬੀ ਸਿਮਰਤੀ ਹੋਵੇ ਜਾਂ ਡਾਇਸਪੋਰਾ ਹੋਵੇ ਜਾਂ ਉਥੋਂ ਦੇ ਸਮਾਜ ਦਾ ਅਨੁਭਵ ਹੋਵੇ ਪਰ ਜ਼ਿੰਦਗੀ ਚੋਂ ਵਿਚਰਦਿਆਂ ਹੋਰ ਕਈ ਅਨੁਭਵਾਂ ਬਾਰੇ, ਰਿਸ਼ਤਿਆਂ ਬਾਰੇ, ਆਲੇ–ਦੁਆਲੇ ਬਾਰੇ, ਪਿਆਰ ਜਾਂ ਹੋਰ ਕਈ ਗੱਲਾਂ ਬਾਰੇ ਮਹਿਸੂਸ ਕਰਦੇ ਰਹਿੰਦੇ ਹੋ ਤਾਂ ਉਸ ਵਿਚੋਂ ਵੀ ਜਿਹੜਾ ਤੁਹਾਡਾ ਕਾਵਿ ਉਭਰਦਾ ਹੈ, ਦਲਵੀਰ ਉਨ੍ਹਾਂ ਬਾਰੇ ਵੀ ਬੜੀ ਗੰਭੀਰਤਾ ਨਾਲ ਵਿਚਾਰਦੀ ਹੈ ਜਿਵੇਂ ਕਿ ਔਰਤ–ਮਰਦ ਦੇ ਰਿਸ਼ਤਿਆਂ 'ਚ ਕੇਵਲ ਪੰਜਾਬੀ ਔਰਤ ਦੀ ਪੀੜ ਜਾਂ ਦਮਨ ਦੀ ਹੀ ਉਹ ਗੱਲ ਨਹੀਂ ਕਰਦੀ ਸਗੋਂ ਮਾਵਾਂ ਧੀਆਂ ਦੇ ਧੀਮੀ ਆਵਾਜ਼ ਚਲਦੇ ਵਾਰਤਾਲਾਪ ਨੂੰ ਅੱਖਾਂ ਮੀਟੀ ਲੇਟਿਆ, ਸੌਣ ਦਾ ਬਹਾਨਾ ਕਰਕੇ ਮਰਦ ਜੋ ਸੁਣਦਾ ਹੈ ਤਾਂ ਇਕ ਰਾਤ ਵਿਚ ਉਸ ਮਰਦ ਦਾ ਵਜੂਦ ਜਦੋਂ ਸੌ ਵਾਰ ਬਣਦਾ–ਢਹਿੰਦਾ ਹੈ ਤੇ ਆਖਿਰ ਧੀ ਦੇ ਸੁਪਨੇ 'ਚ ਆਪਣੀ ਨਗਨ ਚੀਖ ਨੂੰ ਉਹ ਇਉ ਧਰਦਾ ਹੈ। –

"ਅਜ ਮੈਂ ਉਹ ਮਰਦ ਨਹੀਂ
ਜੋ ਪ੍ਰੀਖਿਆ ਲੈਂਦਾ ਸੀ

ਮੈਂ ਹੁਣ ਪ੍ਰੀਖਿਆ ਦੇ
ਅਗਨ ਕੁੰਡ ਵਿਚ
ਬਲਦਾ ਹਾਂ।"

'ਆਪਣਾ ਨੰਗ' ਕਵਿਤਾ ਵਿਚ ਸ਼ਾਇਰਾ ਇੱਕੀਵੀਂ ਸਦੀ ਦੀ ਪੀੜ੍ਹੀ ਦੇ ਨਵੇਂ ਜ਼ਾਵੀਏ ਅਤੇ ਆਪਣੀ ਪਛਾਣ ਬਾਰੇ ਸੁਚੇਤ ਨੂੰ ਇਉਂ ਪਹਿਚਾਣਦੀ ਹੈ।–

ਮੈਂ ਇੱਕੀਵੀਂ ਸਦੀ 'ਚ
ਕੁਝ ਮਾਂ ਦੇ ਉਪਦੇਸ਼
ਕੁਝ ਪਿਉ ਦਾ ਕਰਮ
ਆਪਣੇ ਮੱਥੇ ਟੰਗਦੀ ਹਾਂ
ਇਕ ਸਾਹ ਜਿਊਂਦੀ ਹਾਂ
ਇਕ ਸਾਹ ਮਰਦੀ ਹਾਂ
ਮੇਰਾ ਬੱਚਾ
ਦੋਵਾਂ ਤੋਂ ਆਜ਼ਾਦ ਹੈ
(Freud) ਫਰਾਇਡ ਨੂੰ ਪੜ੍ਹਦਾ ਹੈ
ਕੁਦਰਤੀ ਵੇਗ 'ਚ ਵਹਿੰਦਾ ਹੈ
ਆਪਣਾ ਨੰਗ ਪਛਾਣਦਾ ਹੈ – –।
ਅਫ਼ਲਾਤੂਨੀ ਪਖੰਡ ਤੋਂ
ਕੰਡ ਕਰਦਾ ਹੈ

ਦਲਵੀਰ ਕੌਰ ਕੋਲ ਕਾਵਿ ਭਾਸ਼ਾ ਦੀ ਸੋਝੀ ਹੈ ਤੇ ਕਈ ਵਾਰ ਬੜੇ ਦਾਰਸ਼ਨਿਕ ਅੰਦਾਜ਼ ਵਿਚ ਕਵਿਤਾ ਨੂੰ ਸਮੇਟਦੀ ਹੈ। –

"ਦਿਸਦੀ ਅੱਗ ਤਾਂ
ਦੋ ਪਲ ਦੀ ਹੀ ਹੁੰਦੀ ਏ
ਰਾਖ ਹੀ ਸਾਂਭਦੀ ਏ
ਅੱਗ ਦਾ ਸਾਰਾ ਰਾਜ! ! (ਰਾਖ 'ਚੋਂ)

ਦਲਵੀਰ ਕੌਰ ਦੀ 'ਅਹਿਦ ਕਾਵਿ ਪੁਸਤਕ ਵਿਚ ਕੁਝ ਪਿਆਰ ਕਵਿਤਾਵਾਂ ਜਾਂ ਮਹੁੱਬਤੀ ਕਹਿ ਲਓ ਹਨ ਜਿਨ੍ਹਾਂ ਨੂੰ ਉਹ ਪ੍ਰੀਤ ਕਾਵਿ ਆਖਦੀ ਹੈ। –

ਖੁਰ ਜਾਂਦੇ ਨੇ
ਮਨਾਂ ਦੇ ਕੰਢੇ
ਢਹਿ ਜਾਂਦੇ ਨੇ
ਹਠੀ ਹੋਂਦ ਦੇ ਥੰਮ
ਰੁੜ ਜਾਂਦੀ ਹੈ
ਹਯਾਤੀ ਦੇ ਵਿਹੜੇ 'ਚ
ਜੰਮੀ ਗ਼ਾਰ
ਬ੍ਰਹਿਮੰਡ ਦੇ ਪਿੰਡੇ
ਜਦ ਪ੍ਰੀਤ ਬੂਟੀ ਉੱਗਦੀ ਹੈ
ਸਮਾਂ ਰੀਝ ਦੇ ਨੈਣੀਂ

ਨੀਝ ਬਣ ਅਟਕਦਾ ਹੈ
ਕਿਸੇ ਅੱਖ ਵਿਚ
ਅੱਖ ਜਦ ਡੁੱਲਦੀ ਹੈ। (ਪ੍ਰੀਤ ਵਿਚੋਂ)

ਪਰ ਸ਼ਾਇਰਾ ਇਸ ਤੋਂ ਅਗਾਂਹ ਅੰਤਰ ਮਨ ਤੋਂ ਵੀ ਪਾਰ ਜਾਣਾ ਲੋਚਦੀ ਹੈ। ਇਹ ਡਿਜ਼ਾਇਰ ਉਸਦੀ ਨਜ਼ਮ 'ਜਿਰਾਹ' ਚੋਂ ਵੇਖੀ ਜਾ ਸਕਦੀ ਹੈ। –

ਮੈਂ ਅੰਤਰ ਮਨ ਤੋਂ
ਪਾਰ ਜਾਣਾ ਚਾਹੁੰਦੀ ਹਾਂ
ਤੂੰ ਜਿਰਾਹ ਛੱਡ ਸਭ ਕਬੂਲ ਕਰ
ਸਭ ਜਰ ਲੈ।
ਰੋਮ ਰੋਮ ਚੋਂ
ਮਨਫੀ ਹੋ ਜਾ
ਰੋਮ ਰੋਮ ਵਿਚ
ਮੈਨੂੰ ਭਰ ਲੈ
ਹੋ ਜਾ ਫਨਾਹ
ਛੱਡ ਦੇ ਜਿਰਾਹ
ਸਭ ਕਬੂਲ ਕਰ
ਮੈਂ ਅੰਤਰ ਮਨ ਤੋਂ
ਪਾਰ ਜਾਣਾ ਚਾਹੁੰਦੀ ਹਾਂ।

ਇਸੇ ਲਈ ਮੈਂ ਆਖਿਆ ਹੈ ਕਿ ਦਲਵੀਰ ਕੌਰ ਦੀ ਕਵਿਤਾ ਵਿਚ ਗਤੀ ਹੈ, ਵਿਕਾਸ ਹੈ ਅਤੇ ਇਹ ਇਕਹਿਰੇ ਅਨੁਭਵ ਦੀ ਸ਼ਾਇਰਾ ਨਹੀਂ ਸਗੋਂ ਉਹ ਬਹੁ-ਪੱਖੀ ਸ਼ਾਇਰਾ ਹੈ, ਜਿਸਨੂੰ ਸੰਯੁਕਤ ਕਰਕੇ ਪੜ੍ਹਨਾ ਚਾਹੀਦਾ ਹੈ।

ਡਾ. ਵਨੀਤਾ
ਐਫ਼ 23, ਰਾਜੌਰੀ ਗਾਰਡਨ
ਨਵੀਂ ਦਿੱਲੀ - 110027

# ਜ਼ੰਜੀਰ

ਘੜ ਸਕਿਆ ਕਦ ਸੱਯਾਦ
ਸਮੇਂ ਦੇ ਨਾਪ ਦੀ ਜ਼ੰਜੀਰ
ਮਗਰ ਕਰ ਦੇਂਦਾ ਹੈ ਬਾ-ਖ਼ਬਰ
ਓਨ੍ਹਾਂ ਉਡਾਰੂਆਂ ਨੂੰ
ਟੰਗ ਆਉਂਦੇ ਨੇ
ਜੋ ਪਿੰਜਰੇ
ਖੁੱਲ੍ਹੇ ਅਸਮਾਨਾਂ ਵਿੱਚ!!

# ਸਮਾਜ

ਸਮੇਂ ਦੇ ਸੁਰਮਚੂ ਸੰਗ
ਵਾਪਰੇ ਹਾਦਸਿਆਂ ਦਾ ਸੁਰਮਾ
ਆਪਣੀ ਅੱਖ ਵਿੱਚ ਮਟਕਾ
ਜਦ ਵੀ ਉਸਦੇ ਸਾਹਮਣੇ
ਆਈ ਹਾਂ
ਤਾਂ ਉਹ ਪਤਝੜ ਜਿਹੀ
ਹਲੀਮੀ ਨਾਲ
ਪਾਸੇ ਹਟ ਜਾਂਦਾ ਹੈ
ਘੜਨ ਲੱਗਦਾ ਹੈ
ਨਵੀਂ ਸਾਜਿਸ਼
ਤੇ ਧਰ ਜਾਂਦਾ ਹੈ
ਸਮੇਂ ਦੇ ਸੁਰਮਚੂ ਤੇ,
ਕੁਝ ਹੋਰ ਸੁਰਮਾ
ਮੇਰੇ ਅੱਖ ਮਟਕਾਉਣ ਲਈ !!

# ਅਹਿਦ-1

ਐ ਮਾਂ
ਭਾਵੇਂ ਬੜਾ ਮੁਸ਼ਕਲ ਹੈ
ਤੇਰੇ ਹੰਝੂਆਂ ਨੂੰ ਪਾਰ ਕਰਨਾਂ
ਕਰਨੀ ਮੋਕਲੀ
ਤੇਰੀ ਪੈਰੀਂ ਪੁਆਈ
ਕਸੂਰੀ ਜੁੱਤੀ
ਧਰਨਾਂ ਜੁੱਗਨੂੰ ਦੇ ਪਰਾਂ ਚ'
ਮੱਘਦਾ ਸੂਰਜ
ਫੇਰ ਵੀ
ਸੰਜੋਅ ਲਿਆ ਹੈ
ਤੀਜੇ ਨੇਤਰ 'ਚ
ਅਣਥੱਕ ਸੁਪਨਾਂ
ਤੁਰਨਾਂ ਹੈ ਅੰਦਰਲੇ
ਚਾਨਣ ਦੀ ਲੋਏ
ਝਾਕਣ ਲਈ ਸਿਰਜੇ

ਦਿੱਸਹੱਦਿਆਂ ਤੋਂ ਪਾਰ
ਹੈ ਤੋੜਨੀ ਤੈਥੋਂ ਪੁਰਾਣੀ
ਤੇਰੀ ਇਹ ਹੰਝੂਆਂ ਦੀ ਗੀਤ
ਇਸ ਤੋਂ ਪਹਿਲਾਂ ਕਿ
ਉਤਰਨ ਲੱਗੇ
ਤੇਰੀ ਅੱਖ ਦਾ ਖਾਰਾ ਪਾਣੀ
ਬਣ ਕੇ ਮੇਰੀ ਅੱਖ 'ਚ
ਕਾਲਾ ਮੋਤੀਆ

# ਬੇਰੰਗ ਤਕੀਆ

ਕਿਰਣ ਰੁਪਹਿਲੀ
ਆਈ ਪਰਦਿਆਂ ਵਿੱਚੋਂ
ਨੀਂਦ ਨਿੱਕੀ
ਉੱਠੀ ਉਹ
ਕਮਰੇ 'ਚੋਂ ਨਿਕਲੀ ਸ਼ੂਕਦੀ
ਰੋਜ਼ਮੱਰਾ
ਚਿਹਰੇ ਦੀ ਮਾਲਸ਼
ਗਿਲਾਸ ਪਾਣੀ ਦਾ
ਚੰਗਾ ਨਾਸ਼ਤਾ
ਵਿਟਾਮਿਨਜ਼
ਤੇ ਡਾਇਰੀ ਵਿਚਲੀ ਰੁਟੀਨ
ਦਿਮਾਗੀ ਖਚਾਖਚ
Fast lane ਦਾ ਸਫ਼ਰ
ਆਧੁਨਿਕ ਦਫ਼ਤਰ
ਚਿੱਟ-ਸਮਾਜੀ ਸਟਾਫ਼
ਰਿਕਲਾਈਨਰ ਕੁਰਸੀ
ਰੋਮ ਰੋਮ ਨਾਲ
ਵੇਖਦੀ, ਸੁਣਦੀ, ਸਮਝਦੀ


Private

ਇਹ ਕਾਲੀ ਕੁੜੀ
ਬਹੁਰੰਗੀ ਝਿਲਮਿਲ
ਇਸ ਦੇ ਅੰਦਰ ਤਰੇ
ਵਾਂਗ ਮਦਾਰੀ ਜੂਝਦੀ
ਰੰਗ ਚੀਰਦੀ
ਕਲਾ ਵੇਚਦੀ
ਲੜਦੀ
ਭਿੜਦੀ
ਦਿਨ ਢਲਦਾ
ਘਰ ਮੁੜਦੀ
ਕਿਵੇਂ ਲੰਘਿਆ ?
ਦਿਨ ਤੇਰਾ
ਘਰ ਪੁੱਛਦਾ
ਚੁੱਪ !
ਕੁਝ ਸੋਚਦੀ
ਕੁੜੀ ਤਕੀਏ ’ਤੇ
ਸਿਰ ਧਰਦੀ
ਜੋ ਪੀ ਪੀ ਅੱਖ ਦਾ ਸਮੁੰਦਰ
ਕਦੋਂ ਦਾ ਹੋ ਚੁੱਕਿਆ
ਬੇ–ਰੰਗ !!

# ਚੁੱਪ

Look
I am goin' to be
Honest!!
So I can start
Fresh!!
ਇਹ ਕਹਿੰਦਿਆਂ
ਉਸ ਪੂਰੀਆਂ
ਅੱਖਾਂ ਖੋਹਲੀਆਂ
ਕੁਝ ਦੇਰ ਦੋਵੇਂ ਹੱਥ
ਜ਼ੋਰ ਦੀ ਇੱਕ ਦੂਜੇ ਨਾਲ ਰਗੜੇ,
ਡੂੰਘਾ ਹੌਕਾ ਭਰਦਿਆਂ,
ਬੋਲਿਆ,
"Trust no body,
Ever,
ਯਕੀਨ ਨਾ ਕਰਨਾ
ਇਸ ਗਲੀ ਦੇ 18 ਨੰਬਰ ਘਰ
ਮੇਰੀ ਮਾਂ ਦੇ ਨਾਲ
ਕਦੇ ਨਾ ਜਾਣਾ



He is a,
Bloody beast,
He has,
Ripped me apart,
Torn me,
Left, right and centre,
ਜ਼ੋਰ ਦੀ,
ਧਰਤੀ 'ਤੇ
ਪੈਰ ਪਟਕਦਿਆਂ
ਉਹ ਬੋਲੀ ਜਾ ਰਿਹਾ ਸੀ,
"But my mother
Silly Cow
still loves him
Oh! no!
Please don't,
Don't say a word
U can do it!! My mother has done it
ਇਸ ਕਮਰੇ ਦੀਆਂ ਕੰਧਾਂ
ਹੁਣ ਰੋਜ਼ ਇਕ ਚੀਖ,
ਸੁਣਦੀਆਂ ਨੇ
ਇੱਕ ਹੋਰ Beast
ਪ੍ਰਵਾਨ ਚੜ੍ਹ ਚੁੱਕਾ ਹੈ !!

## SKY NEWS

ਟੀਵੀ ਓਨ ਕਰਦਿਆਂ
ਸਕਰੀਨ ਤੇ ਉਠਦਾ ਹੈ
ਕਾਲਾ ਧੂਆਂ
ਵਿਛਦੀਆਂ ਲਾਸ਼ਾਂ
ਐਟਮੀ ਅੱਗ
ਭੁੰਨ ਰਹੀ ਮਨੁੱਖੀ ਮਾਸ
ਖਾ ਕੇ ਬੱਚੇ ਦੇ ਸਿਰ ਦੀ ਕਸਮ
ਇਹ ਕੌਣ ਤੁਰ ਪਿਆ ਹੈ
ਬਣ ਆਤਮਘਾਤੀ ਬੰਬ
ਨਾ ਪਾਪ ਨਾ ਜਿਹਾਦ
ਉਡ ਰਿਹੈ ਫੁੱਲ-ਮਾਸਟ ਤੇ
ਅਮਰੀਕੀ ਝੰਡਾ
ਵੰਡ ਰਿਹੈ ਕਪੜਾ
ਬਰੈਡ ਬਿਸਕੁਟ
ਹੋ ਹੋ ਕੇ ਨੀਵਾਂ
ਜੰਗੀ ਜਹਾਜ
ਕਰ ਦਿੱਤੀ ਹੈ ਪੋਜ਼

ਲਾਈਵ ਨਿਊਜ਼
ਇਲੈਕਟਰੌਨਿਕ ਬਟਨ ਨਾਲ
ਦੇ ਰਿਹੈ ਹੈ –ਦਰਵਾਜ਼ੇ ਤੇ ਦਸਤਕ
ਜਿਹੋਵਾ–ਵਿਟਨਸ ਦਾ ਪੈਰੋਕਾਰ
ਸੋਚ ਰਹੀ ਹਾਂ ਮੈਂ
ਏਥੀਅਸਟ ਦੋਸਤ ਬਾਰੇ
ਕਹਿਣਾ ਹੈ ਜਿਸਦਾ
GOD IS ONLY
AT EYE LEVEL

## ਆਪਣਾ ਨੰਗ

ਮੈਂ ਇੱਕੀਵੀਂ ਸਦੀ 'ਚ,
ਕੁਝ ਮਾਂ ਦੇ ਉਪਦੇਸ਼,
ਕੁਝ ਪਿਉ ਦਾ ਕਰਮ
ਆਪਣੇ ਮੱਥੇ ਟੰਗਦੀ ਹਾਂ
ਇੱਕ ਸਾਹ ਜਿਊਂਦੀ ਹਾਂ
ਇੱਕ ਸਾਹ ਮਰਦੀ ਹਾਂ
ਮੇਰਾ ਬੱਚਾ
ਦੋਵਾਂ ਤੋਂ ਆਜ਼ਾਦ ਹੈ
(Freud) ਫਰਾਇਡ ਨੂੰ ਪੜ੍ਹਦਾ ਹੈ
ਕੁਦਰਤੀ ਵੇਗ 'ਚ,
ਵਹਿੰਦਾ ਹੈ
ਆਪਣਾ ਨੰਗ ਪਛਾਣਦਾ ਹੈ
ਦੂਜੇ ਦਾ ਨੰਗ
ਜਰਦਾ ਹੈ
ਇਹ ਵੇਖ–ਹੁਣ ਨਾਨੀ ਕਹਿੰਦੀ ਹੈ,
"ਸਾਡੇ ਨਾਲੋਂ ਤਾਂ
ਇਹ ਚੰਗਾ ਹੈ
ਜੋ ਸੱਚ ਜਿਊਂਦਾ ਹੈ
ਤੇ ਅਫ਼ਲਾਤੂਨੀ ਪਖੰਡ ਤੋਂ
ਕੰਡ ਕਰਦਾ ਹੈ!!

# ਮੇਰਾ ਸਵਾਲ

100 ਕੁ ਮੀਲ ਦੇ ਘੇਰੇ 'ਚ,
ਫੈਲੀ ਹੋਈ ਏ
ਮੇਰੀ ਮਾਂ ਦੀ ਦੁਨੀਆਂ
ਇਸ ਵਿੱਚ ਕੁਦਰਤ ਦਾ,
ਭਾਣਾ ਹੈ!
ਉਂਗਲਾਂ ਦੀ ਗਿਣਤੀ ਦੇ ਲੋਕ
ਸੂਰਜ, ਚੰਨ, ਤਾਰੇ
ਹਵਾ ਪਾਣੀ
ਜਿਊਣਾ ਮਰਨਾ
ਤੇ ਚਹੁੰ ਦਿਸ਼ਾਵਾਂ ਦਾ ਭੇਤੀ
ਅਗਾਂਹ ਵਧੂ ਪਤੀ
ਜਿਸਦੀ ਦੁਨੀਆਂ ਗਲੋਬਲ ਹੈ
ਮੇਰੀ ਮਾਂ ਦਾ ਅਸਮਾਨ
ਦਿਨੇ ਰੱਬ ਹੈ
ਰਾਤ ਨੂੰ ਘੁੱਪ ਹਨੇਰਾ
Globe ਦੀ ਇਥੇ
ਕੋਈ ਪ੍ਰੀਭਾਸ਼ਾ ਨਹੀਂ
ਕੁਝ ਕੁ ਮੀਲਾਂ ਦੇ ਘੇਰੇ 'ਚ,



ਜੰਮਦੇ ਮਰਦੇ ਸਵਾਲਾਂ
ਮੇਰੀ ਮਾਂ ਨੂੰ
ਆਗਿਆਕਾਰੀ ਬਣਾਇਆ ਹੈ
ਮੈਂ ਦੋਹਾਂ ਦੀ ਔਲਾਦ ਹਾਂ
ਪਰ ਔਰਤ ਹਾਂ
100 ਕੁ ਮੀਲ ਦਾ ਘੇਰਾ
ਮੇਰੇ ਮੇਚ ਨਹੀਂ ਆਉਂਦਾ
ਬਾਪੂ ਦੇ ਗਲੋਬਲੀ ਘੇਰੇ 'ਚ,
ਤੁਰਨਾ ਵਰਜਿਤ ਹੈ
ਮਾਂ ਕਹਿੰਦੀ ਹੈ,
"ਧੀਏ ਪੇਕਾ, ਸਹੁਰਾ,
ਤੇਰੀ ਧਰਤੀ
ਤੇ ਸਮਾਜ ਤੇਰਾ ਅਸਮਾਨ
ਇਨ੍ਹਾਂ ਬਾਝੋਂ
ਤੂੰ ਇੱਕ ਖਲਾਅ!!
ਮੈਂ ਅਸੀਮ ਖਲਾਅ ਨੂੰ
ਚੁਣਦੀ ਹਾਂ
ਧਰਤੀ ਤੇ ਅਸਮਾਨ
ਇਸੇ ਵਿੱਚ ਸਾਹ ਲੈਂਦੇ ਨੇ
ਮੇਰਾ ਸਵਾਲ ਫੈਲ ਚੁੱਕਾ ਹੈ
ਖਲਾਅ ਵਾਂਗ

# ਕਟਹਿਰੇ ਖਲੋਤੀ ਨਜ਼ਮ

*ਅਮ੍ਰਿਤਾ ਜੀ ਲਈ*

"ਠਹਿਰ ਜ਼ਰਾ!!
ਮੁਹੱਬਤ ਦੀ ਭੱਠੀ 'ਤੇ
ਉਮਰਾਂ ਦਾ
ਭਾੜਾ ਦੇਣ ਵਾਲੇ
ਬਾਲਣ ਵੀ
ਆਪ ਹੀ ਲੈ ਕੇ ਆਇਆ ਕਰਦੇ ਨੇ!!
ਤਾਂ ਜਾ ਕੇ ਕਿਧਰੇ
ਕੜ੍ਹ ਕੜ੍ਹ ਕਰਦੇ
ਗੇਰੂ ਰੰਗੇ ਮੁਰਮੁਰੇ ਨਸੀਬ.....
ਅਜੇ ਮੂੰਹ ਦਾ ਵਾਕ
ਪੂਰਾ ਨਹੀਂ ਸੀ ਹੋਇਆ ਕਿ,
ਉਸ ਮਨ ਦਾ ਸਬੂਤਾ ਤੋੜ੍ਹਾ
ਭੱਠੀ ਵਿੱਚ ਡਾਹ ਦਿੱਤਾ
ਤਿਆਗ ਮਘਦਾ ਰਿਹਾ
ਤਨ ਖੁਦ-ਬਖੁਦ
ਬਲਦਾ ਗਿਆ



ਸਮੇਂ ਦੇ
ਸੱਚ ਦੀ ਹੁੰਦ ਨਾਲ
ਜਾਂ ਉਸ ਨਜ਼ਰ,
ਉਤਾਂਹ ਕਰ ਵੇਖਿਆ
ਤਾਂ ਭੱਠੀ ਵਾਲੀ
ਡੋਹਣੀ, ਕੜਾਹੀ ਤੇ ਮੁਰਮੁਰਿਆਂ ਸਮੇਤ
ਖਲੋਤੀ ਭਾੜਾ ਮੰਗ ਰਹੀ ਸੀ
ਅੱਧ ਜਲਿਆ ਬਾਲਣ
ਅਧੂਰੀ ਨਜ਼ਮ ਵਾਂਗ
ਧੁਖ ਰਿਹਾ ਸੀ
ਵਾਰਿਸ ਦੀ ਕਲਮ
ਕਟਹਿਰੇ ਵਿੱਚ ਖਲੋਤੀ
"ਚੁੱਪ" ਸੀ!!

# ਤਿੰਨ ਮੰਜ਼ਲੇ ਕਾਂਟੇ

ਪਿਤਾ ਦੀ ਪੱਗ
ਪੱਗ ਹੈ ਪੱਤ
ਪੱਤ ਹੈ ਪੱਗ
ਇਹ ਤਿੰਨ ਸਤਰਾਂ
ਉਸ ਦੇ ਬੋਝੇ ਪਾ
ਮਾਂ ਉਸਨੂੰ
ਰੋਜ਼ ਪੜ੍ਹਨੇ ਤੋਰਦੀ,
ਸਕੂਲ ਦੀ ਵਰਦੀ
ਕਿਤਾਬਾਂ, ਥੈਲਾ, ਸਾਈਕਲ
ਹਰ ਸਾਲ
ਮਾਂ ਨਵਾਂ ਲੈ ਦੇਂਦੀ
ਪਰ ਹਰ ਨਵੀਂ ਚੀਜ਼ ਨਾਲ
ਤਿੰਨ ਸਤਰਾਂ
ਸਿਉਣਾ ਨਾ ਭੁੱਲਦੀ
ਸਹੁਰੇ ਘਰ ਦਾ
ਵੇਲਾ ਆਇਆ
ਸਿਰ 'ਤੇ ਹੱਥ ਧਰਦਿਆਂ



ਨਾਨੀ ਦੇ ਦਿੱਤੇ
ਤਿੰਨ ਮੰਜ਼ਲੇ ਕਾਂਟੇ
ਮਾਂ ਨੇ ਉਸਦੇ ਤਾਜ਼ੇ ਵਿੰਨੇ
ਕੰਨਾਂ 'ਚ ਪਾ ਦਿੱਤੇ
ਤੇ ਮਾਂ ਦੇ
ਹੰਝੂਆਂ ਵਿਚਲੀ
ਔਰਤ ਨੇ
ਚੁੱਪ ਚਾਪ
ਤਿੰਨੇ ਸਤਰਾਂ
ਉਸਦੀ ਸੁਹਾਗ ਪਟਾਰੀ 'ਚ,
ਧਰ ਦਿੱਤੀਆਂ
ਅੱਜ ਸੁਹਾਗ ਪਟਾਰੀ ਦੇ ਹੱਥ
ਉਸਦੇ ਬਾਪੂ ਦੀ ਪੱਗ ਦੇ
ਸਾਹਾਂ ਦੁਆਲੇ ਵਲੇ ਗਏ ਨੇ
ਹੁਣ ਬਾਪੂ ਉਸਨੂੰ,
ਬਦਲੇ ਜ਼ਮਾਨੇ ਦੀ
ਗੱਲ ਸਮਝਾਉਂਦਾ ਹੋਇਆ
ਉਸਦੀਆਂ ਖੁਸ਼ੀਆਂ ਦੀ
ਬਹਾਲੀ ਮੰਗਦਾ ਹੈ

ਦੋ ਦਹਾਕਿਆਂ ਤੋਂ
ਤਿੰਨਾਂ ਸਤਰਾਂ ਦੀ ਸਾਧੀ ਹੋਈ ਚੁੱਪ
ਉਹ ਬਾਪੂ ਦੀ ਝੋਲੀ ਪਾਉਂਦੀ ਹੈ
ਬਾਪ ਸਦਾ ਲਈ ਚੁੱਪ ਕਰ ਚੁੱਕਾ ਹੈ
ਤਿੰਨ ਸਤਰਾਂ ਦੀ ਦਾਸਤਾਨ
ਸੁਣਦਾ, ਸਹਿੰਦਾ ਆਇਆ
ਉਸਦਾ ਪੁੱਤਰ
ਪੱਗ ਨੂੰ ਨਵੇਂ ਅਰਥ ਦੇਣੇ ਚਾਹੁੰਦਾ ਹੈ
ਤੇ ਉਹ
ਤਿੰਨ ਮੰਜ਼ਲੇ ਕਾਂਟੇ
ਆਪਣੀ ਨਾਨੀ ਨੂੰ
ਵਾਪਸ ਕਰ ਆਇਆ ਹੈ

# ਜ਼ਿਰਾਹ

ਮੈਂ ਅੰਤਰ ਮਨ ਤੋਂ
ਪਾਰ ਜਾਣਾ ਚਾਹੁੰਦੀ ਹਾਂ
ਤੂੰ ਜ਼ਿਰਾਹ ਛੱਡ
ਸਭ ਕਬੂਲ ਕਰ
ਸਭ ਜਰ ਲੈ !
ਰੋਮ ਰੋਮ 'ਚੋਂ
ਮਨਫ਼ੀ ਹੋ ਜਾ
ਰੋਮ ਰੋਮ ਵਿੱਚ
ਮੈਨੂੰ ਭਰ ਲੈ !
ਹੋ ਜਾ ਫ਼ਨਾਹ
ਛੱਡਦੇ ਜ਼ਿਰਾਹ
ਸਭ ਕਬੂਲ ਕਰ
ਮੈਂ ਅੰਤਰ ਮਨ ਤੋਂ
ਪਾਰ ਜਾਣਾ ਚਾਹੁੰਦੀ ਹਾਂ !!

## ਭਵਿੱਖ

ਕੰਨ ਚੀਰਵਾਂ ਸ਼ੋਰ
ਚਕਾਚੌਂਧ ਰੋਸ਼ਨੀ
ਪਲ ਰਿਹਾ ਪਾਪ
ਮਰ ਰਹੀ ਜਵਾਨੀ
ਕਾਲ ਗਰਲ ਦੇ ਪਹਿਲੂ 'ਚ,
ਮੁਹੱਬਤ ਦੀ ਲਾਸ਼
ਨਿੱਕਾ ਬੱਚਾ
ਹਬਸ਼ੀ ਨੂੰ
ਮਾਂ ਦਾ ਜਿਸਮ
ਨੋਚਦਿਆਂ ਤੱਕਦਾ
ਡਰਦਾ ਸਹਿਮਦਾ
ਅੱਖਾਂ ਮੀਟ
ਨੀਂਦ ਬਹਾਨੇ
ਆਪਣੇ ਜਿਸਮ ਦੇ
ਬੋਝ ਤੋਂ ਭਾਰਾ
ਮਨ ਤੇ ਨਿੱਤ ਨਵਾਂ
ਪੱਥਰ ਰੱਖਦਾ
ਸੱਤ ਸਮੁੰਦਰਾਂ ਦਾ
ਤਾਰੂ ਜ਼ਮਾਨਾ
ਅੱਜ ਆਪਣੇ ਹੀ
ਅੰਦਰ ਦੀ
ਹੱਡਾਰੇੜੀ ਵਿੱਚ ਵਸਦਾ !!

# ਜੰਕ ਈ-ਮੇਲ

ਸਰਦਲ ਤੇ ਹੀ ਬੈਠ
ਪੜ੍ਹਨਾਂ ਤੇਰੇ ਖੱਤ ਦਾ
ਬੰਦ ਲਿਫਾਫਾ
ਜਾਣਾ ਅੱਖਰਾਂ ਤੋਂ ਪਾਰ
ਮਿਣਨਾਂ ਉਸ ਪਲ ਦਾ ਸਹਿਜ
ਜਦੋਂ ਅੱਖਰਾਂ ਦੀ ਬਣਤਰ 'ਚ
ਆਪਾ ਉਤਰਦੈ
ਹੁਣ ਅਕਸਰ
ਬਰਬਾਦ ਹੋ ਜਾਂਦਾ ਹੈ
ਜੰਕ ਈ-ਮੇਲ ਵਿੱਚ!!


THIS IS THE FIRST
AND LAST POST
BOX IN ENGLAND
BUT IS CURRENTLY
OUT OF USE

# ਐਲਫਾਬੈਟ

ਸਰੀਰ ਵਿੱਚ,
ਸੌ ਸਪੋਲੀਏ ਦੇ
ਡੰਗ ਹੰਢਾਉਂਦੀ
ਉਹ ਮਾਸੂਮ ਕੁੜੀ
ਕੁਰਸੀ ’ਤੇ ਬੈਠਦਿਆਂ ਹੀ
ਗੁੱਛਾ ਮੁੱਛਾ ਹੁੰਦੀ
ਮਨੋਰੋਗ ਮਾਹਿਰ ਦੇ
ਕੁਝ ਪੁੱਛਣ ਤੋਂ
ਪਹਿਲਾਂ ਹੀ
ਡਰ ਨਾਲ ਕੰਬਦੀ
ਤਿਰਛੀ ਨਜ਼ਰ
ਬੰਦ ਦਰਵਾਜ਼ੇ ’ਤੇ ਟਿਕਾ
ਕੁੜੀ ਸਹਿਮੀ ਆਵਾਜ਼ ’ਚ,
ਸਾਹੋ ਸਾਹ ਹੋਈ ਪੁੱਛਦੀ,
"Do you have knife on you?
"Doctor do you have,
Foster father as well?
Do you want me
Take my clothes off
And recite Alphabet loudly"?



## ਰਾਖ਼ !!

ਸਦੀ ਪੁਰਾਣੇ
ਬੁੱਢੇ ਮਾਸ 'ਚ,
ਲੁਕੀ ਅੱਖ ਨੂੰ
ਉਤਾਂਹ ਚੁੱਕ
ਮੇਰੇ ਵਲ ਵੇਖਦਿਆਂ
ਮਾਂ ਬੋਲੀ
ਐਹ ਲੈ
ਰਾਖ਼ ਦੀ ਚੁਟਕੀ
ਤੇ ਮੀਟ ਲੈ ਮੁੱਠੀ
ਕਰਦੀ ਰਹੀਂ
ਮੁੱਠੀ ਦਾ ਲੇਖਾ ਜੋਖਾ
ਹਰ ਢਲਦੀ ਸ਼ਾਮ
ਰੱਖੀਂ ਸਾਹ ਸੂਤਣ
ਜੋਗਾ ਜੇਰਾ
ਭਾਂਪ ਲਈਂ
ਕੱਖੀਂ, ਅੱਗ ਸਾਂਭਣ ਦੀ
ਜੁਗਤੀ
ਤੇ ਕਰ ਲਈਂ

ਜੱਗ ਜੀਣ ਦਾ ਹੀਲਾ!!
ਮੈਂ ਹੈਰਾਨ ਹੋ ਪੁੱਛਿਆ,
"ਮਾਂ!!
ਸੁਆਹ ਦੀ ਚੁਟਕੀ?
ਤੇ ਅੱਗ?
ਮਾਂ ਬੋਲੀ,
"ਹਾਂ ਧੀਏ
ਦਿਸਦੀ ਅੱਗ ਤਾਂ
ਦੋ ਪਲ ਦੀ ਹੀ ਹੁੰਦੀ ਏ
ਰਾਖ਼ ਹੀ ਸਾਂਭਦੀ ਏ
ਅੱਗ ਦਾ ਸਾਰਾ ਰਾਜ਼"!!

# ਦੌਰ

ਸੌਣ ਬਹਾਨੇ,
ਬਿਸਤਰ ’ਤੇ
ਅੱਖਾਂ ਮੀਟੀ ਲੇਟਿਆ
ਉਹ ਸੁਣਦਾ
ਮਾਂ ਧੀ ਦਾ
ਧੀਮੀ ਅਵਾਜ਼ ’ਚ,
ਚਲਦਾ ਵਾਰਤਾਲਾਪ
ਬਣਿਆ ਢੱਠਿਆ
ਸੌ ਵਾਰ ਇੱਕ ਰਾਤ ’ਚ,
ਵਜੂਦ ਉਸਦਾ
ਤੇ ਧਰ ਦਿੱਤੀ ਆਖਿਰ,
ਧੀ ਦੇ ਸੁਪਨੇ ’ਚ,
ਰੂਹ ਦੀ ਨਗਨ ਚੀਖ,
‘‘ਅੱਜ ਮੈਂ ਉਹ
ਮਰਦ ਨਹੀਂ
ਜੋ ਪ੍ਰੀਖਿਆ ਲੈਂਦਾ ਸੀ,
ਮੈਂ ਹੁਣ ਪ੍ਰੀਖਿਆ ਦੇ
ਅਗਨ ਕੁੰਡ ਵਿੱਚ

ਬਲਦਾ ਹਾਂ,
ਮੇਰੀ ਚੁੱਪ ਦੇ
ਮਰਦਾਵੇਂ ਵੇਸ ਦੀ
ਅਜੇ ਸੁਣਵਾਈ ਨਹੀਂ,
ਮੈਂ ਬੇ-ਇਤਬਾਰੀ ਦੇ,
ਖੰਜਰ ਦੀ ਚੋਭ ਹੰਢਾਉਂਦਾ
ਦੰਭੀ ਸਤਿਕਾਰ ਦੀ
ਸੂਲੀ-ਚੜ੍ਹਦਾ ਹਾਂ
ਮੈਂ ਹੁਣ ਐਨਾ
ਖ਼ੂਬਸੂਰਤ ਵੀ ਨਹੀਂ ਰਿਹਾ
ਕਿ ਗੋਪੀਆਂ
ਮੇਰੇ ਰੰਗ ਢੰਗ
ਡੀਲ ਡੌਲ ਨੂੰ
ਅੱਖੋਂ ਪਰੋਖੇ ਕਰ
ਮੈਨੂੰ ਬੇ-ਵਜਾਹ
ਬੇ-ਪਨਾਹ-ਅੰਨ੍ਹਾਂ,
ਪਿਆਰ ਕਰਨ
ਕਨੂੰਨ ਦੀ ਟੇਢੀ
ਛੁਰੀ 'ਤੇ ਟੰਗਿਆ
ਮੈਂ ਮੱਥੇ ਦਾ ਟਿੱਕਾ

ਰਿਸ਼ਤਿਆਂ ਵਿੱਚੋਂ
ਮਨਫ਼ੀ ਹੋਏ
ਸਾਥ ਦੀ ਭਾਲ 'ਚ ਹਾਂ
ਮੈਂ ਤੇਰੇ ਬਾਪ ਦੀ
ਹਿਕੜੀ ਦੀ ਚੀਖ
ਜਿਸ ਦੇ ਸਿਰ,
ਮਰਦ ਹੋਣ ਦਾ
ਇਲਜ਼ਾਮ ਹੈ!!

# ਭੇਦ

ਬਿੰਦ ਬਿੰਦ ਵਧਦਾ ਰਹਿੰਦਾ
ਇੱਕ ਬਿੰਦੂ
ਮੇਰੀ ਸੋਚ ਦੇ ਸੀਨੇ
ਪਲ ਪਲ ਚੀਸੇ
ਨਾਭੀ ਤੱਕ ਉਤਰੇ
ਦੱਬਵੇਂ ਪੈਰੀਂ
ਪੜਚੋਲੇ ਮੰਨ ਮੇਰਾ



ਤੇ ਅਕਸਰ ਭੁੱਲ ਜਾਂਦਾ
ਬੰਦ ਕਰਨੀ
ਮਨ ਆਪਣੇ ਦੀ ਬਾਰੀ

# ਆਪਣਾ ਚਾਨਣ

ਹਰ ਰੋਜ਼ ਕੈਨਵਸ 'ਤੇ,
ਉਹ ਇੱਕ ਲਕੀਰ ਖਿੱਚਦੀ ਹੈ
ਇੱਕ ਇੱਕ ਲਕੀਰ ਵਿੱਚੋਂ
ਖੁਦ ਨੂੰ ਲੱਭਦੀ ਹੈ
ਲਕੀਰਾਂ ਸਾਹ ਲੈਣ ਲਗਦੀਆਂ ਨੇ !!
ਵਜੂਦ ਉਸਰਦਾ ਹੈ
ਅਹਿਸਾਸ ਵਿਗਸਦਾ ਹੈ
ਅੱਖ ਖੁੱਲਦੀ ਹੈ
ਚਾਨਣ ਪਸਰਦਾ ਹੈ
ਕਾਲਖ ਤ੍ਰਭਕਦੀ ਹੈ
ਹਨੇਰਾ ਭਬਕਦਾ ਹੈ
ਲਕੀਰਾਂ ਦਾ ਪਿੱਛਾ ਕਰਦਾ ਹੈ
ਜੋ ਚਾਨਣ ਹੋ ਚੁੱਕੀਆਂ ਨੇ !!



# ਆਪਣੀ ਗਲ

ਮੈਂ ਸੌਂ ਰਿਹਾਂ
ਤੇਰੇ ਮਨ ਦੇ ਅੰਦਰ
ਤੂੰ ਜਾਗ ਤੇ ਜਗਾ ਲੈ
ਮੈਂ ਖਿਲਰਿਆ ਪਤਰਿਆ
ਤੇਰੇ ਘਰ ਦੇ ਹਰ ਕੋਨੇ
ਤੂੰ ਆਪਣੇ ਜੋਗਾ ਚੁੱਕ
ਚੁੱਕ ਝੋਲੀ ਵਿੱਚ ਪਾ ਲੈ
ਚਾਹਤ ਵਿੱਚ ਸ਼ਿਦਤ ਹੀ
ਅੰਤਰ ਗ਼ਾਤ ਹੁੰਦੀ
ਤੂੰ ਮਨ ਤੋਂ ਮਨ ਤੱਕ ਦਾ
ਇੱਕ ਸਫ਼ਰ ਮੁਕਾ ਲੈ
ਮੈਂ ਸੌਂ ਰਿਹਾਂ- ਤੇਰੇ,
ਮਨ ਅੰਦਰ.....




# ਇਹ ਮੁੰਡੇ

ਜ਼ਿੰਦਾ ਪਲਾਂ ਦੀ ਤਲਾਸ਼ 'ਚ,
ਗੁੰਮ ਸੁੰਮ
ਗੁਆਚੇ ਗੁਆਚੇ
ਜ਼ਰਦ ਮੁਸਕਾਨਾਂ
ਵਿਦੇਸ਼ 'ਚ,
ਜ਼ਿੰਦਗੀ ਲੱਭਣ ਆਏ
ਤੇਜ਼ ਚਾਲ 'ਚ,
ਫ਼ਿਕਰਮੰਦੀ
ਤੁਰਲੇ ਵਾਲੀ
ਪੱਗ ਦੇ ਵਾਰਿਸ
ਨੀਵੀਂ ਪਾ ਤੁਰਦੇ
ਚੁੱਪ ਦੀ ਵਰੇਸ ਹੰਢਾਉਂਦੇ
ਧੁਰ ਅੰਦਰੋਂ ਮਰ ਕੇ
ਖੌਰੇ ਕੀ ਬਚਾਉਂਦੇ
ਇਹ ਮੁੰਡੇ !!


Dowran 1
Numphra ½
Joppa ¼
Lands End
B 3306 (A
4
0)
St Just 1¾
B 3306 (A 3071)

# ਨਵਾਂ ਵਰ੍ਹਾ

ਹਾਂ ਇੱਕੀਵੀਂ ਸਦੀ ਮੱਥੇ
ਮੈਂ ਕਾਲਾ ਧੱਬਾ
ਕਾਲਖ਼ ਆਪਣੀ
ਧੋ ਨਾ ਸਕਾਂ
ਕਿਵੇਂ ਪਰਤੋਗੇ
ਸੰਨ ਚੁਰਾਸੀ ਦਾ
ਅਗਲਾ ਵਰਕਾ
ਕਿਵੇਂ ਦੇਵੋਗੇ
ਉੱਜੜੇ ਘਰਾਂ ਨੂੰ
ਘਰ ਨਵਾਂ !!





# ਲੋਰੀ

ਬੱਚਾ ਬੇਬੀ ਸਿਟਰ ਵੱਲ
ਬਿਟਰ ਬਿਟਰ ਝਾਕਦਾ
ਕੁਰਲਾਉਂਦਾ !
ਭੂਰੇ ਰੰਗ ਦੀ ਇਹ ਕੁੜੀ
ਕੁਝ ਕੁ ਹੀ
ਅੰਗ ਢੱਕਦੀ
ਹਨੇਰਾ ਚੀਰਦੀ
ਜਾ ਚੜ੍ਹਦੀ
ਨੋ-ਗੋ-ਏਰੀਏ ਦੀ ਪੌੜੀ
ਨਿੱਤ ਨਵੇਂ ਮਾਸ ਦਾ ਆਦੀ
ਗੋਰਾ ਮਰਦ
ਅੰਦਰ ਵੜਦਾ
ਪੂਰੇ ਕੱਪੜੇ,
ਪਾਉਣ ਨੂੰ ਕਹਿੰਦਾ
ਚਾਹ ਦਾ ਪਿਆਲਾ ਮੰਗਦਾ
ਸਲੀਕੇ ਨਾਲ ਬੈਠਦਾ
ਅੱਖ ਦਾ ਹੰਝੂ ਪੂੰਝਦਾ

ਨੰਗੇ ਜਿਸਮਾਂ ਤੋਂ ਅੱਕਿਆ
ਇੱਕ ਰਾਤ ਦੇ ਸਫ਼ਰ 'ਚ ਥੱਕਿਆ
ਲੱਭਦਾ ਅੱਖ ਦਾ ਖੁਮਾਰ
ਤਨ ਤੋਂ ਅੱਗੇ
ਮਨ ਦਾ ਪਿਆਰ
ਕੋਈ ਮਮਤਾ ਜੇਹਾ ਨਿੱਘ
ਕਈ ਲੋਰੀ ਜਿਹਾ ਰਾਗ
ਕਹਿੰਦਾ,
"ਆਇਆਂ ਕੋਲ ਤੇਰੇ
ਚਿੱਟੀ ਨਸਲ ਨੂੰ ਦੁਰਕਾਰ
ਕੁੜੀ ਸੁਣ ਕੇ ਕੰਬਦੀ
ਘਰ ਵਲ ਭੱਜਦੀ
ਬੇਬੀ ਸਿਟਰ ਤੋਂ
ਬੱਚਾ ਖੋਂਹਦੀ
ਢਿੱਡ ਨਾਲ ਲਾਉਂਦੀ
ਲਾਲ ਬੱਤੀ ਟੁੱਟਦੀ
ਮਮਤਾ ਲੋਰੀ ਗਾਉਂਦੀ!!

# ਮੰਡੀਕਰਣ

ਕਿਉਂ ਗਿੜ ਰਹੇ ਹਾਂ ਆਪਾਂ
ਸਮੇਂ ਦੇ ਗੇੜ 'ਚ,
ਚੁੱਪ ਚੁਪੀਤੇ
ਗੁੰਗੇ ਬੋਲੇ,
ਛੋਟੀ ਬੁਰਕੀ ਅੱਗੇ
ਵੱਡੀ ਬੁਰਕੀ ਦੀ
ਬਾਤ ਪਾਉਂਦੇ
ਅੱਖੀਆਂ 'ਚ,
ਜਿਊਣ ਦੇ ਸੁਪਨੇ ਲਟਕਾਈ,
ਪਸ਼ਮੀਨੇ, ਹਾਰ, ਹਮੇਲਾਂ-ਪਾਈ
ਮਨਾਂ ਦੇ ਚੀਥੜੇ ਹੰਢਾਉਂਦੇ
ਕਿਉਂ ਲਟਕ ਰਹੇ ਹਾਂ ਆਪਾਂ
ਜ਼ਿੰਦਗੀ ਦੇ ਮੱਥੇ
ਕਿਸੇ ਸਰਾਪ ਵਾਂਗ
ਕੀ ਉਹੀ ਹਾਂ ਆਪਾਂ
ਖੇਡਦੇ ਸੀ ਜੋ

ਅੱਡਾ ਖੱਡਾ
ਮਿੱਟੀ ਦੇ ਘਰ ਬਣਾਉਂਦੇ
ਇੱਕ ਨਵੀਂ ਲੀਰ
ਗਲਵੇਂ ਤੇ ਲਟਕਾ
ਨਵਾਂ ਸੂਟ ਸਾਂ ਪਾਉਂਦੇ
ਜਾਂਦੇ ਸੀ ਵਾਂਢੇ
ਮਿੱਟੀ ਦੀ ਇੱਕ ਢੇਰੀ ਟੱਪ
ਘਰ ਵਾਪਸ ਆਉਂਦੇ
ਚਲ ਫ਼ਿਰ ਇੱਕ ਵਾਰੀ
ਹੀਰੇ ਹਮੇਲਾਂ ਦੀ
ਮਿੱਟੀ ਨੂੰ ਟੱਪੀਏ
ਤਜ਼ਾਰਤੀ ਕੰਧ ਉਹਲੇ
ਪਏ ਸੁੱਚੇ ਸੁਪਨੇ ਚੁੱਕੀਏ
ਤੇ ਭੇੜੀਏ ਵੜ ਅੰਦਰ
ਦਰ ਆਪਣੇ ਦਾ ਬੂਹਾ !!

# ਆਤਮ ਖੋਜ

ਮੈਨੂੰ ਉਸਦੇ
ਮਰਨ ਦਾ ਗਮ ਨਹੀਂ
ਪਰ ਦੁੱਖ ਹੈ
ਕਿ ਉਹ
ਆਪੇ ਤੋਂ
ਅਣਜਾਣ ਹੀ ਤੁਰ ਗਿਆ!!



# ਪ੍ਰੀਤ

ਖੁਰ ਜਾਂਦੇ ਨੇ
ਮਨਾਂ ਦੇ ਕੰਢੇ
ਢਹਿ ਜਾਂਦੇ ਨੇ
ਹਠੀ ਹੋਂਦ ਦੇ ਥੰਮ
ਰੁੜ੍ਹ ਜਾਂਦੀ ਹੈ
ਹਯਾਤੀ ਦੇ ਵਿਹੜੇ 'ਚ,
ਜੰਮੀ ਗ਼ਾਰ
ਬ੍ਰਹਿਮੰਡ ਦੇ ਪਿੰਡੇ
ਜਦ ਪ੍ਰੀਤ ਬੂਟੀ
ਉੱਗਦੀ ਹੈ
ਸਮਾਂ ਰੀਝ ਦੇ ਨੈਣੀ
ਨੀਝ ਬਣ ਅਟਕਦਾ ਹੈ
ਕਿਸੇ ਅੱਖ ਵਿੱਚ
ਅੱਖ ਜਦ ਡੁਲ੍ਹਦੀ ਹੈ !!

# ਜਿਉਂਦਾ ਜਾਗਦਾ ਰੱਬ

ਚਾਹੁੰਦੀ ਹਾਂ
ਨਿਖੇੜ ਦੇਵਾਂ
ਆਪਣਾ ਅੰਗ ਅੰਗ
ਲਿਖ ਦੇਵਾਂ ਇੱਕ ਇੱਕ ਕਵਿਤਾ
ਹਰ ਇੱਕ ਹੱਡੀ ਦੇ ਜੋੜ ’ਤੇ,
ਭਰ ਦੇਵਾਂ ਤੂੰ ਦੀ ਧੁਨੀ
ਬਣ ਜਾਵਾਂ ਜਿਊਂਦਾ
ਜਾਗਦਾ ਰੱਬ
ਤੇ ਹੋ ਜਾਵਾਂ
ਅੰਧਕਾਰ ਤੋਂ ਪਾਰ!!

## ਛੱਲ !!

ਜ਼ਿਕਰਯੋਗ ਹੋਣਾ
ਤੇਰੀ ਨਿਸਬਤ
ਬਣ ਜ਼ਿਕਰ ਰਹਿ ਜਾਣਾ
ਮੇਰੀ ਸੀਮਾ
ਕੁਝ ਅਣਕਹੇ ਸ਼ਬਦ
ਅਕਸਰ ਖ਼ੁਦ ਨੂੰ ਹੀ
ਕਿਉਂ ਖਾ ਜਾਂਦੇ ਨੇ !!



# ਅਹਿਦ-2

ਇਹ ਅਣਪੱਤੀਆਂ ਟਾਹਣੀਆਂ
ਮਿਲਣ ਵਿਛੜਣ
ਟੁੱਟ ਕੇ ਵੀ ਅਟੁੱਟ
ਸੰਜਮੀ ਤਾਂਘ
ਸਿਦਕੀ ਮਿਲਾਪ
ਨਿਰੰਤਰ-ਨਾਦੀ
ਵੀਣਾਂ ਦੀਆਂ ਤਾਰਾਂ!!
ਆ, ਇਨ੍ਹਾਂ ਤਾਰਾਂ ਨੂੰ
ਪੋਟਿਆਂ ਨਾਲ
ਹਰਿਆ ਭਰਿਆ ਕਰੀਏ
ਸਾਹਾਂ ਦੀ ਧੁੱਪ ਦੇਈਏ
ਤੇ ਖੁਦ ਭਰ ਜਾਈਏ!!

# ਫ਼ਰਕ

ਉਹ ਕਿਸੇ
ਮੁਕਾਮ ’ਤੇ
ਪਹੁੰਚਣ ਦੀ ਧੁਨ ’ਚ,
ਪਾਣੀਆਂ ਸੰਗ
ਪਾਣੀ ਹੁੰਦਾ ਹੋਇਆ
ਸਾਗਰ ਹੋ ਗਿਆ
ਤੇ ਉਹ
ਵੱਡੇ ਮਹਿਲ ਦੀ ਧੁਨ ’ਚ,
ਸ਼ਹਿਰ ਦੇ ਇੱਕ ਵੱਡੇ ਮਕਾਨ ਦੀ
ਇੱਟ ਬਣ ਗਈ
ਹੁਣ ਸਾਗਰ ਨੂੰ,
ਚੰਨ ਛੂਹਣ ਆਉਂਦਾ ਹੈ
ਤੇ ਇੱਟ ਨੂੰ
ਹਨੇਰਿਆਂ ਦੀ ‘ਕਾਲਖ’!!

## ਡਰ!!

ਮੇਰੇ ਅੰਦਰ ਦੀ ਚੁੱਪ
ਮੇਰੇ ਬਣਨ ਦੀ ਸੰਭਾਵਨਾ
ਢਹਿਣ ਦਾ ਵਸੀਲਾ
ਸਿਰਜਣਾ ਦਾ ਮੁੱਢ
ਚੁੱਪ ਦਾ ਗਰਭ
ਨਾ ਨਰ
ਨਾ ਮਾਦਾ
ਮੈਂ ਚੁੱਪ ਹੀ ਤਾਂ ਹਾਂ.....

# ਉਹ ਮੈਨੂੰ

ਉਹ ਮੈਨੂੰ
ਆਪਣੇ ਅੱਖਰਾਂ 'ਚ,
ਨਿੱਤ ਭਰਦਾ ਹੈ
ਡੋਲ੍ਹਦਾ ਹੈ
ਅੱਖਰੀ ਸ਼ਬਦ ਜੋੜ ਦੇ
ਸ਼ੀਸ਼ਿਆਂ ਵਿੱਚ ਥੀਂ
ਨਿਹਾਰਦਾ ਹੈ
ਤੇ ਘਬਰਾਉਂਦਾ ਹੈ ਵੇਖ
ਆਪਣਾ ਹੀ ਚਿਹਰਾ
ਇਹ ਸੋਚ.....
ਕਿ ਰਾਂਝਾ ਤਾਂ ਹੀਰ ਨੇ
ਹੋਣਾ ਸੀ!!
ਪਰ.....ਮੈਂ?

# ਜਨਮ

ਨਹੀਂ ਨਾਸ਼ਵਾਨ
ਦੇਹੀ ਤੇਰੀ ਮੇਰੀ
ਛੋਹ ਲਿਆ ਤੂੰ ਇਸ ਨੂੰ
ਨਾਲ ਅਣਛੋਹੀ ਛੋਹ
ਅਮੋੜ ਮਨ
ਹੋਇਆ ਮੁੜ ਮੁੜ
ਨਤਮਸਤਕ
ਖੁੱਲ੍ਹਾ ਤੀਸਰਾ ਨੇਤਰ
ਵਹਿ ਤੁਰੀ ਅਦਿੱਖ
ਦਿੱਭ ਸ਼ਕਤੀ
ਟੁੱਟਾ ਨਾਭੀ ਬੰਧਨ
ਘੁਲ ਗਈ ਤੇਰੀ
ਮਿੱਟੀ ’ਚ,
ਮੇਰੀ ਮਿੱਟੀ
ਰਹੀ ਨਾ ਨਾਸ਼ਵਾਨ
ਦੇਹੀ ਤੇਰੀ ਮੇਰੀ
ਨਹੀਂ ਨਾਸ਼ਵਾਨ
ਦੇਹੀ ਤੇਰੀ ਮੇਰੀ!!



# ਚੀਖ਼

ਮਾਵਾਂ ਸੁਣਦੀਆਂ ਸਨ
ਨਾਲ ਬੇ–ਸਬਰੀ
ਜੰਮਦੇ ਬੱਚੇ ਦੀ ਚੀਖ਼
ਨੱਪ ਦੇਂਦੀਆਂ ਨੇ ਮਾਵਾਂ
ਬੜੇ ਸਬਰ ਨਾਲ
ਅਣਜੰਮੀ ਧੀ ਦੀ ਚੀਖ਼
ਆਵੇਗਾ ਫ਼ਿਰ
ਸਾਂਝੀ ਬੁਰਕੀ ਦਾ ਦੌਰ,
ਵੰਡ ਲੈਣਗੇ ਸਤਯੁਗੀ
ਇਕੱਲੀ ਕਹਿਰੀ ਚੀਖ਼
ਦੇਣਗੇ ਢੇਰਾਂ ਬਸਤਰ
ਪਾਉਣਗੇ ਨੱਥ, ਟਿੱਕਾ, ਝਾਂਜਰ
ਚੀਕੇਗੀ ਫ਼ਿਰ ਖਲਾਅ ਵਿੱਚ,
ਅੱਜ ਦੀ ਦਰੋਪਤੀ ਦੀ ਚੀਖ਼!!

# ਹਲਫੀਆ ਬਿਆਨ

“ਕਿਸੇ ਦੇ ਸੰਗ ਵਿੱਚ
ਜਦੋਂ ਸੁਰ ਹੋਵੇ,
ਸੁਹਜ ਹੋਵੇ,
ਸੰਗੀਤ ਹੋਵੇ,
ਅਲੌਕਿਕ,
ਵਿਸਮਾਦੀ,
ਤਸੱਲੀਆ ਜਿਹਾ
ਅਹਿਸਾਸ ਹੋਵੇ
ਤਾਂ ਜ਼ਿੰਦਗੀ ਦੀ ਅਮੀਰੀ
ਤੁਹਾਡਾ ਸਦਕਾ ਉਤਾਰਦੀ ਹੈ
ਤੇ ਆਪ ਆ ਬਹਿੰਦੀ ਹੈ
ਤੁਹਾਡੀ ਝੋਲ਼ ਵਿੱਚ
ਤੇ ਅਜੇਹੇ ਹੁਲਾਰ ਲਈ
ਦੇਵਤੇ ਵੀ ਪੁਕਾਰ ਕਰਦੇ ਨੇ
ਬਹੁਤ ਵਾਰੀ ਬੜੇ ਸਾਦਾ
ਦਿਸਦੇ ਇਨਸਾਨ

ਅਜਿਹੀਆਂ ਬਰਕਤਾਂ ਨਾਲ
ਭਰਪੂਰ ਹੁੰਦੇ ਨੇ”
ਕਿਸੇ ਵਜਦ ਵਿੱਚ ਆ
ਬਾਪੂ, ਅੱਖਾਂ ਮੁੰਦੀ,
ਅਹਿਸਾਸ ਸਾਂਝਾ ਕਰ ਰਿਹਾ ਸੀ

“ਅੱਜ ਕੱਲ੍ਹ
ਕਿਸੇ ਰਸ ਭਿੰਨੇ
ਸੰਗੀਤ ਜਹੇ,
ਸਾਦਾ, ਸੂਖ਼ਮ,
ਸ਼ਖਸ ਦੀ ਸੁਰ ਅੰਦਰ
ਮੈਂ ਅੰਤਰ ਮੁਗਧ ਹਾਂ”
ਕੁੜੀ ਨੇ ਮੱਧਮ ਜਿਹੀ ਆਵਾਜ਼ ’ਚ
ਮਨ ਸਾਂਝਾ ਕੀਤਾ
“ਕੌਣ ਹੈ ਉਹ ਗ਼ੁਸਤਾਖ਼..... ?”
“ ... ਤੇ ਤੂੰ ...... ?”
ਬਾਪੂ ਦਾ
ਹਲਫੀਆ ਬਿਆਨ
ਰੁਖ਼ ਬਦਲ ਚੁੱਕਾ ਸੀ।

## ਜਿਸਮ

ਜਿਸਮ ਦਾ
ਰੱਬ ਨਾਲ ਨਾਤਾ
ਜਾਂ ਰੱਬ ਦਾ ਜਿਸਮ ਨਾਲ
ਰੱਬ ਤਾਂ ਉਤਰਦੈ
ਜਿਸਮ ਵਿੱਚ !!
ਜੋੜ ਜੋੜਨ ਦੀ ਜੁਗਤ
ਧਰਤ 'ਤੇ, ਪੈਰ ਟਿਕਾਉਣ ਦਾ ਭੇਦ।
ਨਾਤਾ ਹੀ ਤਾਂ ਏ ?
ਬਿਨ ਨਾਤਾ
ਨਾ ਤੂੰ
ਨਾ ਮੈਂ
ਨਾ ਰੱਬ
ਰੱਬ ਹੀ ਵਿਗਸਦਾ ਏ
ਜਿਸਮ ਵਿੱਚ !!

# ਵਾਪਸ ਪਰਤਿਆ ਬੋਲ

ਧਰਿਆ ਸੀ ਇੱਕ ਸੁਪਨਾ
ਮਨ ਦੀ ਪਰਛੱਤੀ
ਉੱਚੀ ਸੀ ਜੋ,
ਮੇਰੇ ਮੋਢਿਆਂ ਤੋਂ
ਕਦੇ ਕਦੇ ਇਹ ਸੁਪਨਾ
ਅੱਡੀਆਂ ਚੁੱਕ
ਪੱਬਾਂ ਭਾਰ ਹੁੰਦਾ
ਪਰਛੱਤੀਉਂ ਸਰਕ
ਛੱਤ ਬਣਦਾ
ਕਾਇਨਾਤ 'ਚ ਫ਼ੈਲਦਾ
ਮੈਨੂੰ ਮੈਂ ਤੋਂ
ਜੁੱਗ ਜੁਗੰਤਰ ਕਰਦਾ
ਰਾਗ ਛਿੜਦਾ
ਮਨ ਵਿਗਸਦਾ
ਮੇਘ ਬਰਸਦਾ
ਤਿੰਨ ਕਾਲ

ਇੱਕ ਮਿੱਕ ਹੁੰਦੇ
ਅਚਾਨਕ ਗਰਜਵੀਂ
ਆਵਾਜ਼ ਉੱਠਦੀ,
"ਪਰਛੱਤੀਆਂ 'ਤੇ
ਰੱਖੇ ਸੁਪਨੇ
ਛੱਤਾਂ ਵਰਗੇ ਤਾਂ ਹੁੰਦੇ ਨੇ
ਪਰ ਛੱਤਾਂ ਨਹੀਂ ਹੁੰਦੇ
ਪਰਛੱਤੀਆਂ 'ਤੇ ਰੱਖੇ
ਸੁਪਨੇ ਨਾ ਛੋਹਣਾ!!

# ਦਰਾੜਾਂ!!

ਮਿੱਟੀ ਵੇਖਦੀ
ਜ਼ਿੰਦਗੀ ਜੰਮਦੀ
ਮੌਲਦੀ, ਪਸਰਦੀ
ਤੇ ਮਰਦੀ!!
ਮੇਰਾ ਮਿੱਟੀ ਦਾ ਘਰ
ਕੱਚੀਆਂ ਕੰਧਾਂ 'ਚ,
ਪੱਕੀਆਂ ਦਰਾੜਾਂ
ਕੱਲ੍ਹ ਉਸ
ਕੱਚੀਆਂ ਕੰਧਾਂ ਵੀ
ਵੰਡ ਲਈਆਂ
ਹੁਣ ਉਹ ਦੋਵੇਂ
ਪੱਕੀਆਂ ਦਰਾੜਾਂ 'ਚ
ਰਹਿੰਦੇ ਨੇ
ਮਿੱਟੀ ਦੇ ਕੱਚ ਨੂੰ
ਤਰਸਦੇ!!

# ਸੀਮਾ

ਸੋਚ ਬਿਹਬਲ
ਬੇ-ਬਸੀ ਛੁਪਾਉਣ ਲਈ
ਬਿਹਬਲਤਾ ਨੱਚੇ
ਨੰਗੇ ਪਿੰਡੇ

# ਰੱਬ

ਭੁੱਖੇ ਬੱਚੇ ਦੇ
ਪੇਟ ਦੀਆਂ
ਖੁੱਤੀਆਂ 'ਚ ਬੈਠੀ
ਮਾਂ ਦਾ ਕਦੇ ਕੋਈ
ਭਗਵਾਨ ਨਹੀਂ ਹੁੰਦਾ
ਗਰੀਬ ਦਾ ਰੱਬ
ਉਸਦੇ ਪੇਟ ਦੀ
ਭੁੱਖ ਜੇਡਾ ਹੀ ਰਹਿੰਦਾ ਹੈ
ਤੇ ਰੱਜਵਾਂ ਅੰਨ
ਉਸਦੀ ਪੂਜਾ!!



# ਤੈਨੂੰ

ਧੁਰ ਅੰਦਰ ਤੱਕ
ਹੁਬਕਦੇ ਹੌਂਕਿਆਂ ਦੀ
ਕੋਈ ਨਕਲ ਨਹੀਂ ਹੁੰਦੀ
ਤੇ ਲੀਕਾਂ ਲੀਕਦੀਆਂ
ਸਿਸਕਦੀਆਂ ਔਂਸੀਆਂ
ਵਿਛੋੜੇ ਦਾ ਹੱਲ ਨਹੀਂ ਕਰਦੀਆਂ
ਨਾ ਹੀ ਵਸਲ ਦੇ ਪਲਾਂ ਦਾ
ਕੋਈ ਬਦਲ ਹੁੰਦੈ
ਹਾਂ
ਕੱਚ ਜੇਹੇ ਕੱਚੇ ਸੁਨੇਹੜੇ
ਅਕਸਰ ਕਾਵਾਂ ਦੀਆਂ
ਚੁੰਝਾਂ 'ਚੋਂ
ਰਸਤਿਆਂ ਵਿੱਚ ਹੀ
ਕਿਰ ਜਾਇਆ ਕਰਦੇ ਨੇ !!



# ਪਲ ਦਾ ਸੱਚ!!

ਤੇਰਾ ਜਾਣਾ
ਉਸ ਪਲ ਦਾ ਸੱਚ
ਤੇਰਾ ਵਾਪਿਸ ਆਉਣਾ
ਇਸ ਪਲ ਦਾ ਧੋਖਾ
ਸਾਥ ਲੱਭਣਾ
ਆਪਾ ਗੁਆਉਣਾ
ਆਪੇ ਨੂੰ ਲੱਭਣਾ
ਆਪਾ ਅਪਨਾਉਣਾ
ਅਣਜਾਣੇ ਝਾੜ ਸੁੱਟਿਆ
ਝਾੜ ਹਿੱਕ ਨਾਲ ਲਾਉਣਾ
ਤੇਰਾ ਜਾਣਾ
ਉਸ ਪਲ ਦਾ ਸੱਚ!!

# ਲਿਬਾਸ

ਉਤਾਰੇ ਹੋਏ ਰਿਸ਼ਤੇ
ਤਨ ਤਾਂ ਕੱਜਦੇ ਨੇ
ਮਨ ਨਹੀਂ
ਮਨ ਤਾਂ ਮਨ ਹੀ ਪਹਿਨਦਾ ਹੈ
ਤਨ ਨਹੀਂ!!

# ਹੋਂਦ

ਮਾਂ ਨੇ ਤਾਂ ਤੈਨੂੰ
ਜਨਮ ਦੇ ਦਿੱਤਾ!
ਹੁਣ ਤੇਰਾ ਜੰਮਣਾ
ਬਾਕੀ ਐ
ਲੰਘ ਆਇਉਂ
ਦਹਾਕੇ ਉਮਰਾਂ ਦੇ
ਅਜੇ ਖੁਦ ਨੂੰ
ਲੰਘਣਾ ਬਾਕੀ ਐ!!

# ਹੁਣ !!

ਆ ਹੁਣ ਨੂੰ ਸਿਮਰੀਏ
ਨਾਦ 'ਚ ਘੁਲੀਏ
ਰੋਮ ਰੋਮ ਤੋਂ
ਬ੍ਰਹਮੰਡ ਹੋ ਜਾਈਏ
ਆ ਹੁਣ ਨੂੰ ਸਿਮਰੀਏ
ਆ ਹੁਣ ਹੋ ਜਾਈਏ !!

# ਸਮੇਂ ਦੇ ਸਾਲੂ ਵਿੱਚ

ਸਮੇਂ ਦੇ
ਸਾਲੂ ਦੀ ਕੰਨੀ
ਮੇਰੀ ਮਾਂ ਦੇ ਸਿਰ ਤੋਂ
ਤੇਜ਼ੀ ਨਾਲ
ਸਰਕ ਰਹੀ ਹੈ
ਮੈਂ ਦੌੜਦੀ ਹਾਂ
ਘਾਬਰੀ ਹੋਈ
ਮਾਂ ਦੇ ਸਾਲੂ ਨੂੰ
ਘੁੱਟ ਫ਼ੜਨ ਦੇ
ਯਤਨ 'ਚ,
ਮਾਂ ਤੋਂ
ਕਈ ਵਾਅਦੇ ਲੈਂਦੀ ਹਾਂ
ਮਾਂ ਮੇਰੀ ਖਿੱਚੋਤਾਣ ਨੂੰ ਭਾਂਪ
ਧੀਮੇ ਜਿਹੇ ਕਹਿੰਦੀ ਹੈ
"ਧੀਏ!
ਸਮਾਂ ਸਾਲੂ ਤਾਂ ਵਿਸ਼ਾਲ ਹੈ
ਮੈਂ ਹੀ ਸਮੇਂ ਦੀ ਓਟ ਵਿੱਚ,
ਸਰਕ ਰਹੀ ਹਾਂ
ਇੱਕ ਲੰਬੀ.....
ਥਕਾਨ ਤੋਂ ਬਾਅਦ!!

# ਦਰਦ ਦਾ ਰਿਸ਼ਤਾ

ਕਿਸੇ ਅੱਖ ਦੇ
ਦਰਦ ਨੂੰ ਪੜ੍ਹਨਾ
ਹਿੰਦਸਿਆਂ ਤੋਂ
ਬਾਹਰੀ ਇਬਾਰਤ ਦੇ ਸੇਕ 'ਚ
ਛਾਲੇ ਛਾਲੇ ਹੋਣਾ
ਮਨ ਦੀ ਬਾਰੀਕ ਛਾਨਣੀ 'ਚੋਂ
ਰੇਤ ਵਾਂਗ ਕਿਰਨਾ
ਤੁਰਨਾ ਫ਼ਿਰ ਮੈਂ ਤੋਂ
ਤੂੰ ਦੇ ਰਸਤੇ
ਤੇ ਹੋ ਜਾਣਾ
ਪਲਕਾਂ ਦੇ
ਦਿਸਹੱਦਿਆਂ ਤੋਂ ਪਾਰ !!

# ਬੁੱਤ

ਐ ਬੰਦੇ
ਤੂੰ ਜਿੰਦਾ ਪਲ
ਮੈਂ ਨਤਮਸਤਕ ਤੈਨੂੰ
ਤੂੰ ਫ਼ਿਰ ਵੀ ਆਵੀਂ
ਮੈਂ ਰੁਕਿਆ ਸਵਾਸ
ਮੈਂ ਸਮੇਂ ਦਾ ਸੱਚ
ਵਹਿੰਦੇ ਪਾਣੀਆਂ ਦਾ ਰਾਜ਼
ਮੇਰੀ ਬੇ–ਬਸੀ ’ਚੋਂ ਲੈ ਜਾਵੀਂ
ਬੁੱਤ ਤਾਂ ਸਦਾ ਉਡੀਕਦੇ
ਗਰਮ ਲਹੂ ਦੀ ਪੈੜ !!



# ਭਾਬੀ ਮੈਨੂੰ ਖ਼ਤ ਲਿਖ

ਭਾਬੀ ਮੈਨੂੰ
ਖ਼ਤ ਲਿਖ
ਉਕਰਦੇ ਇੱਕ ਅੱਖਰ
ਅੱਖਰ ਦੀ ਕੁੱਖ 'ਚ,
ਧਰਦੇ ਇੱਕ ਨਾਭੂ
ਜੁੜ ਜਾਏ ਜੋ
ਨਾੜ ਨਾੜ
ਧੜਕੇ ਰੋਮ ਰੋਮ
ਕਰ ਦੇਵੇ ਪੈਦਾ
ਮਾਂ ਤੇ ਮਮਤਾ
ਭਾਬੀ ਮੈਨੂੰ ਇੱਕ ਖ਼ਤ ਲਿਖ
ਲਿਖਦੇ ਇੱਕ ਅੱਖਰ
ਜੋ ਫ਼ੈਲ ਜਾਏ
ਤੂੰ ਤੋਂ ਮੈਂ ਤੱਕ
ਮਾਂ ਤੋਂ ਮਾਂ ਤੱਕ
ਨਾਭੂ ਤੋਂ ਨਾਭੂ ਤੱਕ
ਗਿਆਨ ਤੋਂ
ਅਗਿਆਤ ਤੱਕ
ਭਾਬੀ ਮੈਨੂੰ
ਇੱਕ ਖ਼ਤ ਲਿਖ!!

# ਮੈਂ

ਮੇਰਾ ਖ਼ਤ
ਮੇਰੀ ਉਡੀਕ
ਮੇਰਾ ਸਬਰ
ਮੇਰੀ ਜ਼ਿੰਦਗੀ ਦੀ
"ਕਿਤਾਬ"
ਰੁੜ੍ਹ ਰੁੜ੍ਹ ਗਏ
ਨੈਣਾਂ ਥਾਣੀਂ !!

# ਤੂੰ

ਸਾਗਰ
ਨਦੀ
ਤਿਲ੍ਹਕਣ
ਸੁੱਕੀ ਪੇਪੜੀ
ਮਾਰੂਥਲ
ਤ੍ਰੇਲ ਦੀ ਬੂੰਦ
ਦੋਹਰਾ ਵਾਸ਼ਪੀਕਰਣ
ਮੈਂ ਹੀ ਦੇ ਚੱਕਰ 'ਚ
ਗੁੰਮ
ਮੈਂ!

# ਅਗਲੇ ਜਨਮ ’ਚ

ਲੋਗ ਜਦ ਵੀ
ਗਲੇ ਮਿਲਦੇ ਨੇ
ਤਾਂ ਪਿਛਲੇ ਜਨਮ ਦੇ
ਸੰਬੰਧ ਦੀ ਗੱਲ ਕਰਦੇ ਨੇ
ਪਰ ਮੈਂ ਤਾਂ ਤੈਨੂੰ ਹੁਣ,
ਇਸ ਪਲ
ਇਸ ਘੜੀ
ਮਿਲ ਰਹੀ ਹਾਂ
ਇਸ ਮੇਲ ਦਾ
ਤੂੰ ਗਵਾਹ
ਇਹ ਹਵਾ ਗਵਾਹ
ਫੁੱਲ, ਪੱਤੇ, ਬੂਟੇ,
ਓਹ ਉੱਡਦੇ
ਪੰਛੀ ਗਵਾਹ
ਧਰਮੀ ਧਰਤ ਦੀ ਇਹ ਮਿੱਟੀ
ਓਹ ਅੰਬਰੀਂ ਤਰਦਾ,

ਵਰਨ੍ਹ ਵਰਨ੍ਹ ਕਰਦਾ
ਬਾਵਰਾ ਬਦਲ ਗਵਾਹ
ਲੈ ਹੁਣ
ਜਿਉਂ ਦੀ ਤਿਉਂ
ਚਿਤਰ ਦੇ ਮੈਨੂੰ
ਤੇ ਪਛਾਣ ਲਈਂ ਆਪੇ
ਅਗਲੇ ਜਨਮ 'ਚ
ਆਪਣਾ ਚਿਹਰਾ!!

# ਭਰਮ

ਉਹ ਮੈਨੂੰ
ਕਦੇ ਹੁਕਮ ਵਿੱਚ
ਲੱਭਦਾ ਏ,
ਕਦੇ ਹਦਾਇਤ ਵਿੱਚ !
ਕਦੇ ਤਨਦੇਹੀ ਵਿੱਚ
ਕਦੇ ਸ਼ਿਕਾਇਤ ਵਿੱਚ
ਮੈਂ ਮੁੱਦਤ ਪਹਿਲਾਂ
ਇਹ ਆਖ
ਅਮਰ ਕਰ ਚੁੱਕੀ ਹਾਂ ਹਸਤੀ
ਕਿ ਕੋਈ ਫ਼ਰਕ ਨਹੀਂ ਹੁੰਦਾ
ਮਹਿਰਮ ਦੀ ਮਰਜ਼ੀ ਵਿੱਚ
ਤੇ ਰੱਬੀ ਇਨਾਇਤ ਵਿੱਚ

## ਮੁਰਦਾ

ਬੇ ਲਹੂ
ਠੰਡੇ ਜਿਸਮ ਨੂੰ
ਮੁਰਦਾ ਘਾਟ ਵੱਲ
ਚੁੱਕੀ ਲੈ ਜਾ ਰਿਹਾ
ਜਿੰਦਾ ਹਜ਼ੂਮ
ਉੱਚੀ ਆਵਾਜ਼ 'ਚ,
ਰਾਮ ਨਾਮ ਸੱਤ ਦੀ ਧੁਨੀ
ਅਲਾਹੁੰਦਿਆਂ,
ਸਮਝਾਉਂਦਿਆਂ
ਅਗਲੇ ਹੀ ਪਲ
ਪਾਣੀ ਦੇ ਕੁਝ ਛਿੱਟਿਆਂ ਸੰਗ
ਆਪਣੇ ਸਿਰ ਉੱਤੋਂ ਦੀ
ਸੱਤ ਨੂੰ ਪਿਛਾਂਹ
ਵਗਾਹ ਮਾਰਦੇ
ਸੜ ਰਹੀ ਰਾਖ਼ ਨਾਲੋਂ
ਨਾਤਾ ਤੋੜਦੇ
ਤੇ ਕੂੜ ਘਰ ਮੁੜਦਾ
ਮੁਰਦਾ ਫੂਕ ਕੇ !!

# ਫ਼ਰਜ਼

ਰੂਹ ਦੇ ਬਰੇਤੇ ’ਚ ਖਲੋਤਾ
ਉਹ ਝਨਾਂ ਦੇ
ਪਾਣੀ ਦਾ ਬੁੱਕ ਭਰਦਾ
ਮਨ ਦੀ ਸੋਹਣੀ ਨੂੰ
ਪੱਕੇ ਘੜੇ ’ਤੇ
ਆਉਂਦਿਆਂ ਤੱਕਦਾ
ਇਸ਼ਕ ਤੇ ਜੱਗ
ਦੋਵੇਂ ਬਚਾਉਂਦਾ
ਪੱਟ ਤੋਂ ਮਾਸ ਲੱਭਦਾ
ਫ਼ਰਜ਼ਾਂ ਦੀ ਵਿੱਥ ’ਚੋਂ
ਵਸਲ ਤੁਪਕਾ ਤੁਪਕਾ
ਹੋ ਕਿਰਦਾ
ਹਰ ਤੁਪਕੇ ਦੀ ਹਿੱਕ ’ਤੇ
ਇਸ਼ਕ ਸਮੁੰਦਰ ਤਰਦਾ!!

# ਐਂਟੀਕ ਸਮਾਨ!!

ਉਹ ਬਜ਼ੁਰਗ
ਲੱਕੜੀ ਦਾ
ਐਂਟੀਕ ਸਮਾਨ
ਝਾੜਦਾ, ਪੂੰਝਦਾ
ਪਾਲਸ਼ ਕਰਦਾ
ਸਜਾਉਂਦਾ
ਘਰ ਦੇ ਖੂੰਜੇ
ਤੇ ਅੱਖ ਵਿੱਚ
ਲਟਕਿਆ ਹੰਝੂ
ਪੁੱਛਦਾ,
ਬੰਦਾ ਬੰਦੇ ਨੂੰ

ਅਕਸਰ
ਐਨੀ ਜਲਦੀ
ਕਿਉਂ ਸੁੱਟ ਦੇਂਦਾ ਹੈ!!



# ਮੁਹੱਬਤ

ਤੇਰੇ ਬਾਰੇ
ਬਹੁਤ ਕੁਝ ਸੋਚ
ਪਿਛਾਂਹ ਮੁੜ ਚੁੱਕੀ ਹਾਂ ਮੈਂ
ਉਸ ਜਗ੍ਹਾ,
ਜਿਥੇ ਤੂੰ ਤੇ ਮੈਂ
ਵਜੂਦ ਨਹੀਂ
ਸਿਰਫ਼ ਇੱਕ ਅਹਿਸਾਸ ਸਾਂ
ਤੂੰ ਇਹ ਜਾਣ
ਬਹੁਤ ਤੜਫੇਂਗਾ
ਪਰ ਮੈਂ ਤੇਰੀ ਮੁਹੱਬਤ 'ਚ
ਜਗਣਾ ਚਾਹੁੰਦੀ ਹਾਂ
ਨਿਰੰਤਰ ਜੋਤ ਵਾਂਗ
ਤੇਰੀ ਹੋਂਦ ਦੀ ਲੋਏ !!

# ਸ਼ਿੱਦਤ

ਆਪੇ ਚਿਤਰਾਂ, ਸੁਪਨੇ ਦਾ ਚਿਹਰਾ
ਸ਼ੀਸ਼ਾ ਵੀ ਆਪ ਬਣਾਂ
ਆਪੇ ਲੁਕਣ ਮੀਚੀ ਖੇਡਾਂ
ਆਪੇ ਝਾਤ ਕਹਾਂ

ਆਪੇ ਬਾਲਾਂ ਅੱਗ ਹਿਜ਼ਰ ਦੀ
ਲਾਟੀਂ ਆਪ ਬਲਾਂ
ਆਪੇ ਸਿਰਜਾਂ ਦੋਜ਼ਖ ਨਗਰੀ
ਆਪੇ ਰੁਦਨ ਕਰਾਂ

ਆਪੇ ਗੁੰਨਾਂ ਮੈਂ ਦੀ ਮਿੱਟੀ
ਭਾਂਡਾ ਆਪ ਬਣਾ
ਕਿੰਝ ਰਿੜਕਾਂ ਮੈਂ, ਕੋਝ ਨੀ ਜਿੰਦੇ
ਜੇ ਭਾਂਡਿਉਂ ਬਾਹਰ ਰਹਾਂ

ਮਨ ਸਿੱਪੀ ਧਰ ਸੁੱਚਾ ਮੋਤੀ
ਸੁੱਚਮ ਆਪ ਬਣਾਂ
ਸਮੇਂ ਦੀ ਤੱਕੜੀ ਸਾਵਾਂ ਤੋਲੇ
ਕਿਉਂ ਪਾਂਸਕ ਮਗਰ ਫ਼ਿਰਾਂ !!

# ਚੱਕਰਵਿਊ

ਉਹ ਚੁੱਪ ਕਰ ਰਿਹਾ ਹੈ
ਜਾਂ ਹੋ ਰਿਹਾ ਹੈ ਸ਼ਾਂਤ
ਸਮੇਟ ਰਿਹਾ ਹੈ
ਅਧੂਰੇ ਰਿਸ਼ਤੇ
ਜਾਂ ਦੇ ਰਿਹਾ
ਕਿਸੇ ਭਟਕਣ ਨੂੰ ਅੰਜ਼ਾਮ !!

# ਵਾਪਸੀ

ਜਿਉਂ ਹੀ ਉਸਨੇ,
ਮੇਰੇ ਦਰਦ ਭਰੇ
ਚਿਹਰੇ ਦੀ ਪਿਲੱਤਣ ਨੂੰ
ਮਾਨਣਾ ਸ਼ੁਰੂ ਕੀਤਾ
ਮੇਰੀ ਆਤਮਾ ਜਾਗ ਉੱਠੀ
ਸੰਤਾਪ ਸ਼ਬਦ ਨੇ
ਅਰਥ ਬਦਲੇ
ਹੋਂਦ ਪਲਟੀ
ਨਰ ਨਾਰੀ ਦਵੰਦ ਮੁੱਕਾ
ਦਿਸਹੱਦੇ ਨਿਖਰੇ
ਚੜ੍ਹਦੇ ਸੂਰਜ ਦੀ ਲਾਲੀ 'ਚ,
ਉਸਦਾ ਦਰਦ ਵੀ ਚਮਕਿਆ
ਤੇ ਹੁਣ ਉਹ ਵੀ ਪਰਤ ਰਿਹੈ
ਸਵਾਮੀ ਨਹੀਂ
ਇਨਸਾਨ ਬਣਕੇ !!

# ਤਜਾਰਤ

ਤੂੰ ਕੌਡੀਆਂ ਬਦਲੇ
ਸੁੱਚੇ ਸੁਪਨਿਆਂ ਦੇ
ਦਰਦ ਨਾਂ ਖਰੀਦੀਂ
ਕੌਡੀ ਨੂੰ
ਹੀਰਾ ਬਣਨ ਲਈ
ਦਰਦਾਂ ਦੀ
ਝੋਲੀ ਦੀ
ਉਡੀਕ ਰਹਿੰਦੀ ਹੈ!

# ਬੈਰਿਕ ਓਬਾਮਾ

ਹੁਣੇ ਹੀ ਉਤਰਿਆ ਹੈ
ਵਾਈਟ ਹਾਉਸ 'ਚ
ਕਾਲਾ ਨੀਲ–ਆਰਮਸਟਰੌਂਗ
ਚੰਨ ਹੀ ਹੋ ਗਿਆ ਹੈ
ਚੰਨ ਦਾ ਕਾਲਾ ਦਾਗ
ਹੁਣੇ ਹੀ ਹੋਇਆ ਹੈ
ਨੀਲੀ ਅੱਖ 'ਚ
ਐਫਰੋ–ਅਕਸ ਫਿੱਟ
ਘੁੰਮ ਰਿਹਾ ਹੈ
ਮੇਰੇ ਟੇਬਲ ਦੀ
ਨੁੱਕਰੇ ਪਿਆ ਗਲੋਬ
ਜਨਮਿਆ ਹੈ ਹੁਣੇ ਹੀ
ਬੁੱਢਾ ਕਾਲਾ ਗੁਆਂਢੀ
ਚਹਿ–ਚਿਹਾ ਰਹੀ ਹੈ
ਮਜੈਸਟਿੱਕ ਮਸ਼ੈਲ ਓਬਾਮਾ
ਪੈਰਾਂ ਦੀ ਬੇੜੀ
ਚੁੰਮਿਆਂ ਮੰਜ਼ਲ ਦਾ
ਮੱਥਾ
ਹੋ ਗਿਆ ਹੈ ਸੁਰਖਰੂ
'ਨੈਲਸਨ ਮੰਡੇਲਾ'

# ਭਾਲ

ਭਾਲ ਮੇਰੀ ਵਿੱਚ
ਛੱਡ ਗਿਆ ਮੈਨੂੰ
ਜਿਸਨੂੰ ਮੇਰੀ ਭਾਲ ਸੀ
ਤੇ ਲੈ ਗਿਆ
ਰੂਹ ਮੇਰੀ
ਖੰਡਰ ਆਪਣੇ ‘ਚ
ਵਸਾ



# ਹਾਦਸੇ

ਹਾਦਸੇ ਹੰਢਾਉਣਾ
ਤਨਾਂ ਤੋਂ ਪਾਰ ਗਏ
ਮਨਾਂ ਦੀ ਖੇਡ
ਹਾਦਸੇ ਤੋਂ
ਹੋਂਦ ਤੱਕ ਪੁੱਜਣ ਲਈ
ਮਰਨ 'ਚੋਂ ਜਨਮ ਚਾਹੀਦੈ



ਤੇ ਜਨਮ ਤੋਂ
ਜ਼ਿੰਦਗੀ ਤੱਕ ਤੁਰਨ ਲਈ
ਜ਼ਰੂਰੀ ਹੁੰਦਾ
ਨਿੱਤ ਨਵਾਂ ਹਾਦਸਾ !!

# ਪਛਾਣ

ਮਨਾਂ ਦੀਆਂ
ਵਲਗਣਾਂ ਤੋਂ ਬਾਹਰ
ਖਲਾਅ ਦੇ ਖੂੰਜੇ ਵੀ
ਬ੍ਰਹਿਮੰਡ ਹੀ ਹੁੰਦੇ ਨੇ
ਤੂੰ ਕਿਣਕਾ ਤਾਂ ਹੋ !!
ਧਰਤ ਤੇਰੀ ਹੋਵੇਗੀ !!

# NEXT DISH

ਬਹੁ ਰੰਗੀਆਂ
ਸਵਾਦਿਸ਼ਟ ਡਿਸ਼ਿਜ਼
ਕੋਈ ਚਮਚਾ ਭਰਦਾ
ਕੋਈ ਕੜਛੀ
ਕੋਈ ਅਗਲੇ ਰੰਗ 'ਤੇ ਮੋਹਿਤ
ਇੱਕ ਹੀ ਡਿਸ਼ ਦਾ
ਸਮਾਂ ਨਹੀਂ ਆਖ
ਅੱਗੇ ਲੰਘਦਾ
ਵਿਆਂਦੜ ਜੋੜਾ
ਰੀਮਿਕਸ ਗਾਣੇ ਦੀ ਧੁਨ 'ਤੇ
ਸਿੱਧਾ ਪੁੱਠਾ ਹੋ ਨੱਚਦਾ
ਮੈਰਿਜ ਪੈਲਿਸ ਦੇ
Entrance 'ਤੇ
ਲਟਕਦਾ ਬੋਰਡ
ਨੀਵੀਂ ਨਜ਼ਰ ਨਾਲ ਆਖਦਾ,
"Aid's test ਜ਼ਰੂਰ ਕਰਾ ਲੈਣਾ
ਕੱਲ੍ਹ ਤੱਕ ਦੇਰ ਹੋ ਚੁੱਕੀ ਹੋਵੇਗੀ !!